Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 17 * Issue 216
Daily Newspaper Tuesday, November 13, 2018
Tel: 905-793-2202 Fax: 905-793-2282 news@punjabipost.ca

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

# ਟਰੂਡੋ ਨੂੰ ਇਸ ਮਹੀਨੇ ਕੈਨੇਡਾ-ਅਮਰੀਕਾ ਟੈਰਿਫ ਵਿਵਾਦ ਹੱਲ ਹੋਣ ਦੀ ਆਸ



ਵਾਸ਼ਿੰਗਟਨ, 12 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਸ ਮਹੀਨੇ ਦੇ ਮੁੱਕਣ ਦਾ ਇੰਤਜ਼ਾਰ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਆਸ ਹੈ ਕਿ ਕੈਨੇਡਾ ਤੇ ਅਮਰੀਕਾ ਵਿਚਲੇ ਟੈਰਿਫ ਵਿਵਾਦ ਨੂੰ ਉਦੋਂ ਤੱਕ ਸੁਲਝਾ ਲਿਆ ਜਾਵੇਗਾ।

30 ਨਵੰਬਰ ਨੂੰ ਬਿਊਨਸ ਏਅਰਜ਼ ਵਿੱਚ ਹੋਣ ਜਾ ਰਹੀ ਦੋ ਰੋਜ਼ਾ ਜੀ20 ਸਿਖਰ ਵਾਰਤਾ ਦੌਰਾਨ ਯੂਐਸ-ਮੈਕਸਿਕੋ-ਕੈਨੇਡਾ ਸਮਝੌਤੇ ਉੱਤੇ ਰਸਮੀ ਤੌਰ ਉੱਤੇ ਦਸਤਖ਼ਤ ਕੀਤੇ ਜਾਣਗੇ ਤੇ ਤਿੰਨਾਂ ਦੇਸ਼ਾਂ ਦੇ ਇਸ ਵਿੱਚ ਹਿੱਸਾ ਲੈਣ ਦੀ ਸੰਭਾਵਨਾ ਹੈ। ਕੈਨੇਡਾ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਜੇ ਸਟੀਲ ਤੇ ਐਲੂਮੀਨੀਅਮ ਟੈਰਿਫ ਲਾਗੂ ਰਹਿਣਗੇ ਤਾਂ ਉਨ੍ਹਾਂ ਲਈ ਇਸ ਡੀਲ ਵਿੱਚ ਦਿਲਚਸਪੀ ਘੱਟ ਜਾਵੇਗੀ।

ਪੈਰਿਸ ਵਿੱਚ ਇੱਕ ਨਿਊਜ਼ ਕਾਨਫਰੰਸ ਵਿੱਚ ਟਰੂਡੋ ਨੇ ਆਖਿਆ ਕਿ ਅਜੇ ਵੀ ਇਸ ਵਿੱਚ ਤਬਦੀਲੀ ਲਿਆਉਣ ਨੂੰ ਸਮਾਂ ਲੱਗੇਗਾ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਵੱਲੋਂ ਸ਼ੁੱਕਰਵਾਰ ਨੂੰ ਆਯੋਜਿਤ ਡਿਨਰ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨਾਲ ਹੋਈ ਗੱਲਬਾਤ ਦੇ ਸਬੰਧ ਵਿੱਚ ਟਰੂਡੋ ਨੇ ਆਖਿਆ ਕਿ ਉਨ੍ਹਾਂ ਇਹ ਮੁੱਦਾ ਉਸ ਸਮੇਂ ਉਠਾਇਆ ਸੀ।

ਇੱਕ ਸਰਕਾਰੀ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਟਰੂਡੋ ਨੇ ਇਸ ਮੁਲਾਕਾਤ ਵਿੱਚ ਟਰੰਪ ਨੂੰ ਇਹ ਸਪਸ਼ਟ ਕਰ ਦਿੱਤਾ ਕਿ ਟੈਰਿਫਜ਼ ਨਾਲ ਦੋਵਾਂ ਪਾਸਿਆਂ ਦੇ ਕੰਜ਼ਿਊਮਰਜ਼ ਤੇ ਉਤਪਾਦਕਾਂ ਨੂੰ ਨੁਕਸਾਨ ਹੋ ਰਿਹਾ ਹੈ। ਟਰੂਡੋ ਨੇ ਆਖਿਆ ਕਿ ਸਟੀਲ ਤੇ ਐਲੂਮੀਨੀਅਮ ਟੈਰਿਫ ਦਾ ਮੁੱਦਾ ਕੈਨੇਡੀਅਨਾਂ ਲਈ ਚਿੰਤਾ ਦਾ ਮੁੱਖ ਵਿਸ਼ਾ ਹੈ ਤੇ ਅਜਿਹਾ ਹੀ ਹਾਲ ਕਈ ਅਮਰੀਕੀ ਨਾਗਰਿਕਾਂ ਤੇ ਕੰਪਨੀਆਂ ਦਾ ਵੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਜਦੋਂ ਉਹ ਮਹੀਨੇ ਦੇ ਅੰਤ ਵਿੱਚ ਅਰਜਨਟੀਨਾ ਵਿੱਚ ਹੋਣ ਜਾ ਰਹੀ ਜੀ20 ਸਿਖਰ ਵਾਰਤਾ ਵਿੱਚ ਮਿਲਣਗੇ ਉਦੋਂ ਤੱਕ ਇਹ ਮੁੱਦਾ ਹੱਲ ਹੋ ਚੁੱਕਿਆ ਹੋਵੇਗਾ।

ਅਮਰੀਕਾ ਵਿੱਚ ਕੈਨੇਡਾ ਦੇ ਸਫੀਰ ਡੇਵਿਡ ਮੈਕਨਾਟਨ ਨੇ ਪਿਛਲੇ ਹਫਤੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਟੈਰਿਫ ਮੁੱਦੇ ਉੱਤੇ ਉੱਚ ਪੱਧਰੀ ਗੱਲਬਾਤ ਹੋਈ ਹੈ ਤੇ ਉਨ੍ਹਾਂ ਆਖਿਆ ਕਿ ਉਹ ਰਸਮੀ ਤੌਰ ਉੱਤੇ ਇਸ ਬਾਬਤ ਗੱਲਬਾਤ ਮੁੜ ਲੀਹ ਉੱਤੇ ਲਿਆਉਣ ਲਈ ਅਮਰੀਕਾ ਦੇ ਟਰੇਡ ਜ਼ਾਰ ਰੌਬਰਟ ਲਾਈਥਜ਼ਰ ਨੂੰ ਸੱਦਾ ਵੀ ਦੇ ਚੁੱਕੇ ਹਨ। ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਅਮਰੀਕਾ ਕੈਨੇਡੀਅਨ ਐਕਸਪੋਰਟ ਉੱਤੇ ਕੋਟਾ ਲਾਉਣ ਦੀ ਮੰਗ ਕਰ ਰਿਹਾ ਹੈ ਤੇ ਕੈਨੇਡਾ ਇਸ ਦੇ ਹੱਕ ਵਿੱਚ ਨਹੀਂ ਹੈ।

# ਟੋਰੀਜ਼ ਸੈਕਸ ਸਕੈਂਡਲ ’ਤੇ ਪਰਦਾ ਪਾਉਣ ਦਾ ਫੋਰਡ ’ਤੇ ਲੱਗਿਆ ਦੋਸ਼



ਓਨਟਾਰੀਓ, 12 ਨਵੰਬਰ (ਪੋਸਟ ਬਿਊਰੋ) : ਕੈਬਨਿਟ ਮੰਤਰੀ ਤੇ ਦੋ ਸੀਨੀਅਰ ਸਟਾਫਰਜ਼ ਦੇ ਜਾਣ ਤੋਂ ਬਾਅਦ ਪਹਿਲੀ ਵਾਰੀ ਵਿਧਾਨਸਭਾ ਵਿੱਚ ਮੁੜ ਢੁਕੇ ਐਮਪੀਪੀਜ਼ ਵਿੱਚੋਂ ਕੁੱਝ ਵੱਲੋਂ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਪ੍ਰੀਮੀਅਰ ਡੱਗ ਫੋਰਡ ਵੱਲੋਂ ਸੈਕਸ ਸਕੈਂਡਲ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਗ੍ਰੀਨਜ਼ ਤੇ ਲਿਬਰਲਾਂ ਨੇ ਐਨਡੀਪੀ ਦੀ ਸੁਰ ਵਿੱਚ ਸੁਰ ਮਿਲਾ ਕੇ ਇਹ ਦੋਸ਼ ਲਾਉਣੇ ਸ਼ੁਰੂ ਕੀਤੇ ਹਨ ਕਿ ਫੋਰਡ ਨੇ ਦਸ ਦਿਨ ਪਹਿਲਾਂ ਆਰਥਿਕ ਵਿਕਾਸ ਮੰਤਰੀ ਜਿੰਮ ਵਿਲਸਨ ਵੱਲੋਂ ਅਚਾਨਕ ਹੀ ਆਪਣਾ ਅਹੁਦਾ ਛੱਡਣ ਦੇ ਅਸਲ ਕਾਰਨਾਂ ਨੂੰ ਲੁਕੋ ਕੇ ਓਨਟਾਰੀਓ ਵਾਸੀਆਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੋਮਵਾਰ ਨੂੰ ਗ੍ਰੀਨ ਆਗੂ ਮਾਈਕ ਸ਼ਰੇਨਰ ਨੇ ਆਖਿਆ ਕਿ ਇਹ ਸੱਭ ਸਿਆਸੀ ਖੇਡਾਂ ਹਨ। ਉਹ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਕਿ ਉਹ ਮੰਤਰੀ ਦੇ ਅਸਤੀਫਾ ਦੇਣ ਦੇ ਅਸਲ ਕਾਰਨਾਂ ਦਾ ਪਤਾ ਨਾ ਲਾ ਸਕੇ। ਇਹ ਸਵੀਕਾਰਨਯੋਗ ਨਹੀਂ ਹੈ। ਇਸ ਮਾਮਲੇ ਵਿੱਚ ਪ੍ਰੀਮੀਅਰ ਅਸਫਲ ਰਹੇ ਹਨ।

1990 ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਆਗੂ ਰਹੇ ਤੇ ਮਾਈਕ ਹੈਰਿਸ ਤੇ ਅਰਨੀ ਈਵਜ਼ ਤਹਿਤ ਸਾਬਕਾ ਮੰਤਰੀ ਰਹੇ ਵਿਲਸਨ ਨੇ ਅਚਾਨਕ ਹੀ 2 ਨਵੰਬਰ ਨੂੰ ਫੋਰਡ ਦੀ ਕੈਬਨਿਟ ਤੇ ਕਾਕਸ ਤੋਂ ਅਸਤੀਫਾ ਦੇ ਦਿੱਤਾ। ਪ੍ਰੀਮੀਅਰ ਦੇ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਵਿਲਸਨ ਆਪਣੀ ਸ਼ਰਾਬ ਦੀ ਲਤ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹਨ। ਪਰ ਬਾਅਦ ਵਿੱਚ ਸਾਹਮਣੇ ਆਇਆ ਕਿ ਵਿਲਸਨ ਨੂੰ ਅਸਤੀਫਾ ਦੇਣ ਤੋਂ ਇੱਕ ਰਾਤ ਪਹਿਲਾਂ ਹੀ ਸਾਰਨੀਆ ਦੇ ਟਰਿੱਪ ਉੱਤੇ ਜਿਨਸੀ ਸ਼ੋਸ਼ਣ ਸਬੰਧੀ ਲੱਗੇ ਦੋਸ਼ਾਂ ਕਾਰਨ ਅਸਤੀਫਾ ਦੇਣ ਲਈ ਆਖਿਆ ਗਿਆ ਸੀ। ਉਹ ਸ਼ਰਾਬ ਛੱਡਣ ਲਈ ਰੀਹੈਬ ਸੈਂਟਰ ਦਾਖਲ ਹੋ ਚੁੱਕੇ ਹਨ।

ਚਾਰ ਮਹੀਨੇ ਪੁਰਾਣੀ ਸਰਕਾਰ ਵਿੱਚ ਪਿਛਲੇ ਹਫਤੇ ਫੇਰਬਦਲ ਕਰਨ ਤੋਂ ਬਾਅਦ ਸੋਮਵਾਰ ਨੂੰ ਫੋਰਡ ਨੇ ਫੜ੍ਹ ਮਾਰਦਿਆਂ ਆਖਿਆ ਕਿ ਇਹ ਬਿਹਤਰੀਨ ਕੈਬਨਿਟ ਹੈ ਜਿਹੜਾ ਓਨਟਾਰੀਓ ਨੂੰ ਹੁਣ ਤੱਕ ਮਿਲਿਆ ਹੋਵੇਗਾ। ਫੋਰਡ ਨੇ ਆਖਿਆ ਕਿ ਆਪਣੇ ਮੰਤਰੀਆਂ ਤੇ ਆਪਣੀ ਟੀਮ ਉੱਤੇ ਉਨ੍ਹਾਂ ਨੂੰ 10,000 ਫੀ ਸਦੀ ਗੁਣਾਂ ਭਰੋਸਾ ਹੈ। ਦੂਜੇ ਪਾਸੇ ਲਿਬਰਲਾਂ ਦੇ ਅੰਤਰਿਮ ਆਗੂ ਜੌਹਨ ਫਰੇਜ਼ਰ ਦਾ ਕਹਿਣਾ ਹੈ ਕਿ ਪ੍ਰੀਮੀਅਰ ਨੇ ਵਿਲਸਨ ਦੇ ਇਸ ਤਰ੍ਹਾਂ ਅਚਾਨਕ ਜਾਣ ਬਾਰੇ ਸੱਚਾਈ ਨਾ ਦੱਸ ਕੇ ਮਾਮਲੇ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ ਤੇ ਇਸੇ ਲਈ ਅਸੀਂ ਅੱਜ ਵੀ ਇਸ ਮੁੱਦੇ ਉੱਤੇ ਗੱਲ ਕਰ ਰਹੇ ਹਾਂ।

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO
BUSINESS | TRUCKING
R.E.S.P | COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axxel Insurance Brokers Ltd.

# ਬ੍ਰੈੱਡ ਵਿੱਚ ਚੂਹਾ ਪਾਏ ਜਾਣ ’ਤੇ ਲੋਬਲਾਅ ਨੇ ਮੰਗੀ ਮੁਆਫੀ



ਹੈਮਿਲਟਨ, 12 ਨਵੰਬਰ (ਪੋਸਟ ਬਿਊਰੋ) : ਇਸ ਹਫਤੇ ਦੇ ਸ਼ੁਰੂ ਵਿੱਚ ਹੈਮਿਲਟਨ ਦੇ ਗਰੌਸਰੀ ਸਟੋਰ ਤੋਂ ਬ੍ਰੈੱਡ ਖਰੀਦਣ ਜਾ ਰਹੀ ਮਹਿਲਾ ਨੂੰ ਉਸ ਵਿੱਚ ਚੂਹਾ ਮਿਲਣ ਤੋਂ ਬਾਅਦ ਲੋਬਲਾਅ ਕੰਪਨੀਜ਼ ਲਿਮਟਿਡ ਵੱਲੋਂ ਮੁਆਫੀ ਮੰਗੀ ਗਈ ਹੈ।

ਲੋਬਲਾਅ ਦੀ ਤਰਜ਼ਮਾਨ ਕੈਰਨ ਗੰਬਜ਼ ਨੇ ਇੱਕ ਈਮੇਲ ਵਿੱਚ ਲਿਖਿਆ ਕਿ ਅਸੀਂ ਇਸ ਮਾਮਲੇ ਨੂੰ ਬੜੀ ਗੰਭੀਰਤਾ ਨਾਲ ਲੈ ਰਹੇ ਹਾਂ ਤੇ ਇਸ ਦੀ ਹਰ ਸੰਭਾਵੀ ਜਾਂਚ ਕਰ ਰਹੇ ਹਾਂ। ਸਾਡੇ ਵੱਲੋਂ ਸਬੰਧਤ ਗਾਹਕ ਤੋਂ ਵੀ ਇਸ ਸਬੰਧ ਵਿੱਚ ਮੁਆਫੀ ਮੰਗ ਲਈ ਗਈ ਹੈ। ...ਬਾਕੀ ਪੰਨਾ 6 ’ਤੇ

# ਮੈਰੀਜੁਆਨਾ ਦੇ ਕਾਨੂੰਨੀਕਰਨ ਦੇ ਬਾਵਜੂਦ ਨੌਜਵਾਨ ਸੰਭਲ ਕੇ ਕਰਨ ਇਸਦੀ ਵਰਤੋਂ !



ਥੌਰਨਬਰੀ, ਓਨਟਾਰੀਓ, 12 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਉੱਤਰ ਵਿੱਚ ਸਥਿਤ ਨਿੱਕੇ ਜਿਹੇ ਟਾਊਨ ਥੌਰਨਬਰੀ ਵਿੱਚ ਮਾਪਿਆਂ ਤੇ ਗ੍ਰੈਂਡਪੇਰੈਂਟਸ ਨੇ ਇੱਕ ਹਾਲ ਵਿੱਚ ਇੱਕਠੇ ਹੋ ਕੇ ਮੈਰੀਜੁਆਨਾ ਦੇ ਨੁਕਸਾਨ ਸਬੰਧੀ ਟੀਨੇਜਰਜ ਨੂੰ ਜਾਗਰੂਕ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ।

ਕੈਨੇਡਾ ਵੱਲੋਂ ਮੈਰੀਜੁਆਨਾ ਨੂੰ ਕਾਨੂੰਨੀ ਦਾਇਰੇ ਵਿੱਚ ਲਿਆਂਦੇ ਜਾਣ ਤੋਂ ਇੱਕ ਹਫਤੇ ਪਹਿਲਾਂ ਪਬਲਿਕ ਹੈਲਥ ਸੈਸਨ ਨੇ ਮਾਪਿਆਂ ਲਈ ਇੱਕ ਸੁਨੇਹਾ ਦਿੱਤਾ ਕਿ ਮੈਰੀਜੁਆਨਾ ਨੂੰ ਸਰਕਾਰ ਭਾਵੇਂ ਕੈਨੇਡਾ ਵਿੱਚ ਬਾਲਗਾਂ ਲਈ ਕਾਨੂੰਨੀ ਦਾਇਰੇ ਵਿੱਚ ਲਿਆਉਣ ਜਾ ਰਹੀ ਹੈ

...ਬਾਕੀ ਪੰਨਾ 6 ’ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd. / Axxel Financial Services Ltd.
Address: 1550 South Gateway Rd. Suite 220 Mississauga, ON L4W 5G6

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana
416-910-9000
rana@punjabinsurance.ca
10-7003 Steeles Ave West, Etobicoke, ON M9W 0A2
Harpreet Rana
416-871-3571
harpreetrana@punjabinsurance.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

FREE Examination
5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS
FISTULAS
FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
Immigration | Real Estate
Family Law | Business Closing
Corporate | Wills & Estate
Power of Attorney/Affidavit / Attestations
SHINDER KELLEY
Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

LIMITED TIME OFFER

6GB OF DATA
FOR ONLY
$45/MO.

NO OVERAGE CHARGES IN-ZONE

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ >>

ਰੈਡੀ ਕੱਲ੍ਹ ਕਰਨਾਟਕ ਤੋਂ ਇੱਕ ਫੜਿਆ,
ਚਕਰੀ ਲੀਡਰਾਂ ਦੀ ਨਿੱਤ ਘੁਮਾਂਵਦਾ ਸੀ।
ਕਦੇ ਕਾਂਗਰਸ ਦਾ ਤੇ ਕਦੇ ਭਾਜਪਾਈਆ,
ਜਿੱਧਰ ਦਿਲ ਕਰਦਾ, ਚਲਾ ਜਾਂਵਦਾ ਸੀ।
ਦੌਲਤ ਦੇਸ਼ ਦੀ ਖੁਰਚ ਸਭ ਜੰਗਲਾਂ ਤੋਂ,
ਬੁਰਕੀ ਆਗੂਆਂ ਨੂੰ ਭਾਰੀ ਪਾਂਵਦਾ ਸੀ।
ਮੇਜ਼-ਕੁਰਸੀਆਂ ਚਾਂਦੀ ਦੇ ਘਰੀਂ ਉਹਦੇ,
ਖਾਣਾ ਸੋਨੇ ਦੀ ਥਾਲੀ ਵਿੱਚ ਖਾਂਵਦਾ ਸੀ।
ਆਇਆ ਆਖਰ ਕਾਨੂੰਨ ਦੀ ਦਾੜ੍ਹ ਹੇਠਾਂ,
ਵਿੱਚ ਜੇਲ੍ਹ ਦੇ ਗਿਆ ਉਹ ਤਾੜਿਆ ਈ।
ਪਿੱਛੇ ਅਫਸਰ ਹੈ ਪਿਆ ਈਮਾਨ ਵਾਲਾ,
ਜਿਸ ਨੇ ਲੁੱਟ ਦਾ ਅੱਡਾ ਉਖਾੜਿਆ ਈ।

**ਤੀਸ ਮਾਰ ਖਾਂ**

# ਸ਼ਾਂਤੀ ਫੋਰਮ ਮੌਕੇ ਇੱਕਠੇ ਬੈਠੇ ਟਰੂਡੋ ਤੇ ਪੂਤਿਨ

ਪੈਰਿਸ, 12 ਨਵੰਬਰ (ਪੋਸਟ ਬਿਊਰੋ) : ਪਹਿਲੀ ਵਿਸ਼ਵ ਜੰਗ ਖਤਮ ਹੋਣ ਦੇ ਪੈਰਿਸ ਵਿੱਚ ਆਯੋਜਿਤ 100 ਸਾਲਾ ਯਾਦਗਾਰੀ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਐਤਵਾਰ ਨੂੰ ਇੱਕਠੇ ਬੈਠੇ।



ਪ੍ਰਧਾਨ ਮੰਤਰੀ ਦੇ ਆਫਿਸ ਦਾ ਕਹਿਣਾ ਹੈ ਕਿ ਟਰੂਡੋ ਨੇ ਪੂਤਿਨ ਨਾਲ ਗੱਲ ਕੀਤੀ ਤੇ ਪੂਤਿਨ ਨੇ ਰੂਸ ਦੇ ਲੋਕਾਂ ਵੱਲੋਂ ਦੋਵਾਂ ਵਿਸ਼ਵ ਜੰਗਾਂ ਵਿੱਚ ਨਿਭਾਈ ਗਈ ਭੂਮਿਕਾ ਤੇ ਦਿੱਤੇ ਗਏ ਬਲੀਦਾਨਾਂ ਦਾ ਜ਼ਿਕਰ ਕੀਤਾ। ਉਨ੍ਹਾਂ ਆਖਿਆ ਕਿ ਇਸੇ ਲਈ ਹੀ ਰੂਸ ਇੱਥੇ ਸ਼ਾਂਤੀ ਦੀ ਗੱਲ ਕਰਨ ਲਈ ਪਹੁੰਚਿਆ ਹੈ। ਟਰੂਡੋ ਲਈ ਸਥਿਤੀ ਕਾਫੀ ਅਜੀਬ ਹੋ ਗਈ ਕਿਉਂਕਿ ਇਸ ਤੋਂ ਪਹਿਲਾਂ ਉਹ ਪੂਤਿਨ ਦੀਆਂ ਕਾਰਵਾਈਆਂ ਦੀ ਨਿਖੇਧੀ ਕਰਦੇ ਰਹੇ ਹਨ। ਕ੍ਰੀਮੀਆ ਨੂੰ ਧੱਕੇ ਨਾਲ ਆਪਣੇ ਕਬਜੇ ਵਿੱਚ ਲੈਣ, ਯੂਕਰੇਨ ਵਿੱਚ ਬਾਗੀ ਸੈਨਾਵਾਂ ਨੂੰ ਮਾਲੀ ਮਦਦ ਦੇਣ ਤੇ ਸੀਰੀਆ ਦੇ ਹਾਕਮ ਬਸ਼ਰ ਅਲ ਅਸਦ ਦਾ ਸਮਰਥਨ ਕੀਤੇ ਜਾਣ ਤੋਂ ਯੂਨਾਇਟਿਡ ਕਿੰਗਡਮ ਵਿੱਚ ਰੂਸ ਵੱਲੋਂ ਜ਼ਹਿਰ ਦੇਣ ਵਰਗੀਆਂ ਕੀਤੀਆਂ ਹਰਕਤਾਂ ਦੀ ਖੁੱਲ੍ਹੇਆਮ ਨਿਖੇਧੀ ਕੀਤੀ ਜਾਂਦੀ ਰਹੀ ਹੈ।

ਇਸ ਤੋਂ ਪਹਿਲਾਂ ਟਰੂਡੋ ਇਹ ਸ਼ੱਕ ਵੀ ਪ੍ਰਗਟਾਅ ਚੁੱਕੇ ਹਨ ਕਿ ਕੈਨੇਡੀਅਨ ਨਾਗਰਿਕ ਪਯੋਤਰ ਵਰਜੀਲੋਵ ਨੂੰ ਵੀ ਮਾਸਕੋ ਵਿੱਚ ਜ਼ਹਿਰ ਦੇ ਕੇ ਮਾਰਿਆ ਗਿਆ ਹੋ ਸਕਦਾ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨਾਲੋਂ ਵੀ ਟਰੂਡੋ ਦਾ ਨਜ਼ਰੀਆ ਵੱਖਰਾ ਹੈ। ਪੈਰਿਸ ਵਿੱਚ ਹੀ ਪੂਤਿਨ ਨੇ ਟਰੰਪ ਦੇ ਪਹੁੰਚਣ ਉੱਤੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਸੀ। ਪੂਤਿਨ ਵਾਂਗ ਹੀ ਟਰੰਪ ਵੀ ਖੁਦ ਨੂੰ ਰਾਸ਼ਟਰਵਾਦੀ ਆਗੂ ਦੱਸਦਾ ਹੈ। ਪਰ ਸ਼ਾਂਤੀ ਫੋਰਮ ਉੱਤੇ ਟਰੂਡੋ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਤੇ ਜਰਮਨੀ ਦੀ ਚਾਂਸਲਰ ਐਂਜੇਲਾ ਮਾਰਕਲ ਦੇ ਨਾਲ ਰਾਸ਼ਟਰਵਾਦ ਖਿਲਾਫ ਬਿਆਨ ਦੇ ਚੁੱਕੇ ਹਨ।

## ਟੋਰਾਂਟੋ ਵਿੱਚ ਯਹੂਦੀ ਲੜਕਿਆਂ ਉੱਤੇ ਹੋਏ ਹਮਲੇ ਦੀ ਹੇਟ ਕ੍ਰਾਈਮ ਵਜੋਂ ਜਾਂਚ ਕਰ ਰਹੀ ਹੈ ਪੁਲਿਸ

ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਉੱਤਰੀ ਟੋਰਾਂਟੋ ਵਿੱਚ ਧਾਰਮਿਕ ਕੱਪੜੇ ਪਾਈ ਜਾ ਰਹੇ 17 ਸਾਲਾ ਯਹੂਦੀ ਲੜਕਿਆਂ ਦੇ ਗਰੁੱਪ ਉੱਤੇ ਹਮਲਾ ਹੋਣ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਮਾਮਲੇ ਦੀ ਜਾਂਚ ਡਾਕੇ ਤੇ ਹੇਟ ਕ੍ਰਾਈਮ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਚਾਰ ਲੜਕੇ ਲਾਰੈਂਸ ਐਵਨਿਊ ਵੈਸਟ ਦੇ ਦੱਖਣ ਵੱਲ ਸਥਿਤ ਬਲਾਕ ਵਿੱਚ ਫੇਅਰਹੋਮ ਐਵਨਿਊ ਤੇ ਬਾਥਰਸਟ ਸਟਰੀਟ ਇਲਾਕੇ ਵਿੱਚ ਜਾ ਰਹੇ ਸਨ ਜਦੋਂ ਨੌਂ ਹੋਰ ਟੀਨੇਜਰਜ਼ ਦਾ ਇੱਕ ਗਰੁੱਪ ਉਨ੍ਹਾਂ ਦੇ ਕੋਲੋਂ ਲੰਘਿਆ। ਦੂਜੇ ਗਰੁੱਪ ਨੇ ਯਹੂਦੀ ਲੜਕਿਆਂ ਦੇ ਧਰਮ ਬਾਰੇ ਭੱਦੀਆਂ ਟਿੱਪਣੀਆਂ ਕੀਤੀਆਂ ਤੇ ਉਨ੍ਹਾਂ ਦੇ ਕੱਪੜਿਆਂ ਦਾ ਵੀ ਮਜ਼ਾਕ ਉਡਾਇਆ। ਪੁਲਿਸ ਨੇ ਦੱਸਿਆ ਕਿ ਫਿਰ ਉਨ੍ਹਾਂ ਨੇ 17 ਸਾਲਾ ਲੜਕਿਆਂ ਵਿੱਚੋਂ ਦੋ ਉੱਤੇ ਹਮਲਾ ਬੋਲ ਦਿੱਤਾ ਤੇ ਉਨ੍ਹਾਂ ਨੂੰ ਮੁੱਕੇ ਮਾਰੇ ਤੇ ਠੁੱਡੇ ਵੀ ਮਾਰੇ।

ਇਸ ਤੋਂ ਬਾਅਦ ਇੱਕ ਲੜਕੇ ਕੋਲੋਂ ਐਨਕਾਂ ਵੀ ਖੋਹ ਲਈਆਂ ਗਈਆਂ। ਪੁਲਿਸ ਨੇ ਦੱਸਿਆ ਕਿ 17 ਸਾਲਾ ਇਹ ਲੜਕੇ ਦੂਜੇ ਗਰੁੱਪ ਨੂੰ ਨਹੀਂ ਸਨ ਜਾਣਦੇ। ਜਦੋਂ ਇਹ ਕਥਿਤ ਹਮਲਾ ਹੋਇਆ ਉਸ ਤੋਂ ਬਾਅਦ ਮਸ਼ਕੂਕ ਅੱਡ ਹੋ ਗਏ ਤੇ ਇਲਾਕੇ ਵਿੱਚੋਂ ਫਰਾਰ ਹੋ ਗਏ। ਪੁਲਿਸ ਰਾਤੀਂ 8:00 ਵਜੇ ਮੌਕੇ ਉੱਤੇ ਪਹੁੰਚੀ ਤੇ ਇੱਕ 17 ਸਾਲਾ ਲੜਕੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਉਸ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ। ਹੋਰਨਾਂ ਮਸ਼ਕੂਕਾਂ ਦਾ ਕੋਈ ਹੋਰ ਵੇਰਵਾ ਵੀ ਜਾਰੀ ਨਹੀਂ ਕੀਤਾ ਗਿਆ। ਬੱਸ ਇਹੋ ਦੱਸਿਆ ਗਿਆ ਕਿ ਉਹ ਸਾਰੇ ਨਿੱਕੀ ਉਮਰ ਦੇ ਹੀ ਸਨ।

## ਭਾਰਤ ਦਾ ਪਹਿਲਾ ਇਨਲੈਂਡ ਵਾਟਰਵੇਅ ਟਰਮੀਨਲ ਸ਼ੁਰੂ

ਵਾਰਾਣਸੀ, 12 ਨਵੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਰਾਮਨਗਰ ਵਿੱਚ ਗੰਗਾ ਨਦੀ ਦੇ ਤੱਟ ਉੱਤੇ ਨੈਸ਼ਨਲ ਵਾਟਰਵੇਅ-1 ਦਾ ਮਲਟੀ ਮਾਡਲ ਟਰਮੀਨਲ ਸ਼ੁਰੂ ਕੀਤਾ ਹੈ। ਇਹ ਭਾਰਤ ਵਿੱਚ ਪਹਿਲਾ ਇਨਲੈਂਡ ਵਾਟਰਵੇਅ ਟਰਮੀਨਲ ਹੈ, ਜਿਸ ਤੋਂ ਅੱਗੇ ਹੋਰ ਵੀ ਬਣਾਏ ਜਾਣੇ ਹਨ।

ਇਸ ਦੇ ਉਦਘਾਟਨ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਵਾਰਾਣਸੀ ਅਤੇ ਭਾਰਤ ਵਿਕਾਸ ਦੇ ਉਸ ਕੰਮ ਦਾ ਗਵਾਹ ਬਣਿਆ ਹੈ, ਜਿਹੜਾ ਕਈ ਦਹਾਕੇ ਪਹਿਲਾਂ ਹੋਣਾ ਸੀ। ਅੱਜ ਦੇਸ਼ ਨੈਕਸਟ ਜਨਰੇਸ਼ਨ ਇਨਫ੍ਰਾਸਟਰਕਚਰ ਦੇ ਰਾਹ ਪਿਆ ਹੈ। ਇਸ ਨਾਲ ਪਾਣੀ, ਧਰਤੀ ਤੇ ਅਸਮਾਨ ਤਿੰਨਾਂ ਨੂੰ ਜੋੜਨ ਵਾਲੀ ਨਵੀਂ ਊਰਜਾ ਸ਼ੁਰੂ ਹੋਈ ਹੈ। ਮਲਟੀ ਮਾਡਰਨ ਟਰਮੀਨਲ ਤੋਂ ਜਦ ਇਹ ਸੇਵਾ ਸ਼ੁਰੂ ਹੋਈ ਤਾਂ ਲੰਮੀ ਦੂਰੀ ਪੂਰੀ ਕਰਨ ਲਈ ਇਕ ਨਵਾਂ ਬਦਲ ਮਿਲੇਗਾ। ਜਿੰਨਾ ਸਮਾਨ ਇਸ ਜਹਾਜ ਤੋਂ ਆਇਆ ਹੈ, ਜੇ ਸੜਕ ਤੋਂ ਲਿਆਂਦਾ ਜਾਂਦਾ ਤਾਂ 16 ਟਰੱਕ ਲਗਦੇ। ਜਲ ਮਾਰਗ ਤੋਂ ਹਰ ਕੰਟੇਨਰ ਨਾਲ ਲਗਭਗ ਸਾਢੇ ਚਾਰ ਹਜ਼ਾਰ ਰੁਪਏ ਬਚਤ ਹੋਈ ਅਤੇ 70-75 ਹਜ਼ਾਰ ਰੁਪਏ ਸਿੱਧੇ ਬਚ ਗਏ। ਉਨ੍ਹਾਂ ਕਿਹਾ ਕਿ ਦੇਸ਼ ਵਿਚ 100 ਤੋਂ ਵੱਧ ਨੈਸ਼ਨਲ ਵਾਟਰਵੇਅ ਦਾ ਕੰਮ ਹੋ ਰਿਹਾ ਹੈ, ਵਾਰਾਣਸੀ-ਹਲਦੀਆ ਉਨ੍ਹਾਂ ਵਿਚੋਂ ਇਕ ਹੈ। ਪੰਜ ਹਜ਼ਾਰ ਕਰੋੜ ਰੁਪਏ ਤੋਂ ਵੱਧ ਖਰਚ ਕਰਕੇ ਇਸ ਰਾਹ ਵਿਚ ਸਹੂਲਤਾਂ ਦਿੱਤੀਆਂ ਜਾਣੀਆਂ ਹਨ। ਇਹ ਜਲ ਮਾਰਗ ਸਾਮਾਨ ਦੀ ਢੁਆਈ ਦੇ ਨਾਲ ਦੇਸ਼ ਦੇ ਟੂਰਿਜ਼ਮ ਨੂੰ, ਤੀਰਥਾਂ ਨੂੰ ਤੇ ਪੂਰਬੀ ਏਸ਼ੀਆਈ ਦੇਸ਼ਾਂ ਨੂੰ ਜੋੜਨ ਦਾ ਕੰਮ ਵੀ ਕਰੇਗਾ। ਨੈਸ਼ਨਲ ਵਾਟਰਵੇਅ-1 ਚਾਰ ਰਾਜਾਂ ਉਤਰ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਪੱਛਮ ਬੰਗਾਲ ਤੋਂ ਲੰਘੇਗਾ। ਇਸ ਵਿਚ ਕੋਲਕਾਤਾ, ਪਟਨਾ, ਹਾਵੜਾ, ਇਲਾਹਾਬਾਦ ਅਤੇ ਵਾਰਾਣਸੀ ਜਿਹੇ ਸ਼ਹਿਰ ਜਲਮਾਰਗ ਨਾਲ ਜੁੜਨਗੇ।

# ਗੋਲੀ ਲੱਗਣ ਕਾਰਨ 17 ਸਾਲਾ ਲੜਕੇ ਦੀ ਮੌਤ, 15 ਸਾਲਾ ਲੜਕਾ ਗ੍ਰਿਫਤਾਰ

ਵਿਨੀਪੈਗ, 12 ਨਵੰਬਰ (ਪੋਸਟ ਬਿਊਰੋ) :ਸਨਿੱਚਰਵਾਰ ਸਵੇਰੇ ਗੋਲੀ ਲੱਗਣ ਕਾਰਨ ਮਾਰੇ ਗਏ 17 ਸਾਲਾ ਲੜਕੇ ਦੇ ਕਤਲ ਦੇ ਸਬੰਧ ਵਿੱਚ ਵਿਨੀਪੈਗ ਪੁਲਿਸ ਨੇ ਇੱਕ 15 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਹੈ।



ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਨੂੰ ਜਖਮੀ ਹਾਲਤ ਵਿੱਚ ਇੱਕ ਲੜਕਾ 10 ਨਵੰਬਰ ਨੂੰ ਅੱਧੀ ਰਾਤ ਤੋਂ ਬਾਅਦ ਸੇਰਬਰਨ ਸਟਰੀਟ ਉੱਤੇ ਸਥਿਤ ਇੱਕ ਘਰ ਵਿੱਚੋਂ ਮਿਲਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਜਖਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਿਆ।

ਮੌਕੇ ਤੋਂ 15 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਸ ਨੂੰ ਹਥਿਆਰਾਂ ਨਾਲ ਸਬੰਧਤ ਦੋਸ਼ਾਂ ਤਹਿਤ ਤੇ ਪ੍ਰੋਬੇਸਨ ਹੁਕਮਾਂ ਦੀ ਪਾਲਣਾ ਨਾ ਕਰਨ ਕਾਰਨ ਚਾਰਜ ਕੀਤਾ ਗਿਆ। ਇਸ ਦੇ ਨਾਲ ਹੀ ਉਸ ਖਿਲਾਫ ਕਤਲ ਦਾ ਮਾਮਲਾ ਵੀ ਦਰਜ ਕੀਤਾ ਗਿਆ। ਉਸ ਨੂੰ ਪੁਲਿਸ ਹਿਰਾਸਤ ਵਿੱਚ ਰੱਖਿਆ ਜਾਵੇਗਾ।

## ਸੌ ਬਿਸਤਰਿਆਂ ਦੇ ਕੈਂਸਰ ਇੰਸਟੀਚਿਊਟ ਦਾ ਕੈਪਟਨ ਵੱਲੋਂ ਉਦਘਾਟਨ

ਸੰਗਰੂਰ, 12 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਰਾਜ ਦੇ ਲੋਕਾਂ ਨੂੰ ਜਾਇਜ਼ ਦਰਾਂ ਉੱਤੇ ਕੈਂਸਰ ਦਾ ਇਲਾਜ ਪੇਸ਼ ਕਰਨ ਬਾਰੇ ਆਪਣੀ ਸਰਕਾਰ ਦਾ ਮਿਸ਼ਨ ਅੱਗੇ ਲਿਜਾਂਦੇ ਹੋਏ ਅੱਜ ਸੰਗਰੂਰ ਵਿਖੇ 100 ਬਿਸਤਰਿਆਂ ਦੇ ਅਤਿ-ਅਧੁਨਿਕ ਹੋਮੀ ਭਾਭਾ ਕੈਂਸਰ ਹਸਪਤਾਲ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਹੋਮੀ ਭਾਭਾ ਕੈਂਸਰ ਹਸਪਤਾਲ ਦੀ ਉਸਾਰੀ ਰਾਜ ਸਰਕਾਰ ਦੇ ਸਹਿਯੋਗ ਨਾਲ ਹੋਈ ਹੈ ਅਤੇ ਇਸ ਨਵੇਂ ਹਸਪਤਾਲ ਵਿੱਚ ਅਤਿ-ਅਧੁਨਿਕ ਆਨਕੋਲੋਜੀ ਟ੍ਰੇਨਿੰਗ ਸੈਂਟਰ ਦੀ ਯੋਜਨਾ ਵੀ ਬਣਾਈ ਗਈ ਹੈ।




ਇਸ ਪਿੱਛੋਂ ਮੁੱਖ ਮੰਤਰੀ ਨੇ ਚੰਡੀਗੜ੍ਹ ਨੇੜੇ ਮੁੱਲਾਂਪੁਰ ਵਿਖੇ ਬਣ ਰਹੇ ਕੈਂਸਰ ਹਸਪਤਾਲ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਅਗਲੀ ਦੀਵਾਲੀ ਤੱਕ ਇਸ ਉੱਤੇ ਅਮਲ ਹੋਵੇਗਾ। ਹਸਪਤਾਲ ਉਸਾਰੀ ਵਿੱਚ ਤੇਜ਼ੀ ਲਿਆਉਣ ਲਈ ਉਨ੍ਹਾਂ ਨੇ ਸਬੰਧਤ ਅਫਸਰਾਂ ਨੂੰ ਹੁਕਮ ਦਿੱਤੇ। ਅਮਰਿੰਦਰ ਸਿੰਘ ਨੇ ਦੱਸਿਆ ਕਿ 29 ਕਰੋੜ ਰੁਪਏ ਨਾਲ ਫਾਜ਼ਿਲਕਾ ਵਿਖੇ ਤੀਜੇ ਦਰਜ਼ੇ ਦਾ ਕੈਂਸਰ ਕੇਅਰ ਸੈਂਟਰ ਬਣਾ ਰਿਹਾ ਹੈ, ਜਿਹੜਾ ਸਤੰਬਰ 2019 ਤੱਕ ਕੰਮ ਸ਼ੁਰੂ ਕਰ ਦੇਵੇਗਾ। ਇਸ ਤੋਂ ਇਲਾਵਾ ਅੰਮ੍ਰਿਤਸਰ ਵਿਖੇ 114 ਕਰੋੜ ਰੁਪਏ ਦੀ ਲਾਗਤ ਨਾਲ ਸਟੇਟ ਕੈਂਸਰ ਇੰਸਟੀਚਿਊਟ ਬਣਾਇਆ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਨਾਲ ਆਏ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿਹਤ ਸੁਵਿਧਾਵਾਂ ਅਤੇ ਸਰਕਾਰੀ ਹਸਪਤਾਲਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਬਣਾਉਣ ਵਾਸਤੇ ਠੋਸ ਕਦਮ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 588 ਡਾਕਟਰ ਛੇਤੀ ਹੀ ਸਿਹਤ ਵਿਭਾਗ ਵਿੱਚ ਸ਼ਾਮਲ ਹੋ ਜਾਣਗੇ ਤੇ ਉਨ੍ਹਾਂ ਨੂੰ ਘਰਾਂ ਨੇੜੇ ਤਾਇਨਾਤ ਕੀਤਾ ਜਾਵੇਗਾ ਤਾਂ ਜੋ ਉਹ ਮਰੀਜਾਂ ਦੀ ਦਿਲੋਂ ਸੇਵਾ ਕਰਨ ਦੇ ਸਮਰਥ ਹੋ ਸਕਣ।

COLUMBUS TRUCK WASH
Open 7 Days

A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ

Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply

NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
○ Automatic & Manual Trucks
● 1 on 1 Training

"We Provide Training For Forklift & Trucks"
○ Forklift Training
Forklift $79 Recertification
Reach Truck
Counterbalance
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal
647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636

Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741

LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਐਕਟਰ ਅਕਸ਼ੈ ਕੁਮਾਰ ਦੀ ਸਫਾਈ: ਜ਼ਿੰਦਗੀ 'ਚ ਕਦੇ ਸੱਚੇ ਸੌਦੇ ਦੇ ਮੁਖੀ ਨੂੰ ਮਿਲਿਆ ਹੀ ਨਹੀਂ

ਜਲੰਧਰ, 12 ਨਵੰਬਰ, (ਪੋਸਟ ਬਿਊਰੋ)- ਪੰਜਾਬ ਪੁਲੀਸ ਦੀ ਵਿਸ਼ੇਸ਼ ਟੀਮ (ਸਿੱਟ), ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰ ਰਹੀ ਹੈ, ਵੱਲੋਂ ਫਿਲਮ ਅਦਾਕਾਰ ਅਕਸ਼ੈ ਕੁਮਾਰ ਨੂੰ ਸੰਮਨ ਭੇਜੇ ਜਾਣ ਦੇ ਇਕ ਦਿਨ ਬਾਅਦ ਅਕਸ਼ੈ ਕੁਮਾਰ ਨੇ ਆਪਣਾ ਪੱਖ ਰੱਖਦੇ ਹੋਏ ਕਿਹਾ ਹੈ ਕਿ ਉਸ ਨੇ ਜ਼ਿੰਦਗੀ ਵਿਚ ਕਦੇ ਡੇਰਾ ਮੁਖੀ ਰਾਮ ਰਹੀਮ ਨੂੰ ਨਹੀਂ ਦੇਖਿਆ, ਮੁਲਾਕਾਤ ਦਾ ਸਵਾਲ ਹੀ ਨਹੀਂ। ਉਸ ਨੇ ਪੰਜਾਬ ਦੇ ਮੀਡੀਆ ਨੂੰ ਜਾਰੀ ਕੀਤਾ ਬਿਆਨ ਆਪਣੇ ਟਵਿੱਟਰ ਹੈਂਡਲ ਉੱਤੇ ਵੀ ਪਾਇਆ ਹੈ।

ਵਰਨਣ ਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਨੂੰ 21 ਨਵੰਬਰ ਨੂੰ ਅੰਮ੍ਰਿਤਸਰ ਦੇ ਸਰਕਿਟ ਹਾਊਸ ਵਿੱਚ ਪੇਸ਼ ਹੋਣ ਨੂੰ ਕਿਹਾ ਹੈ। ਅਕਸ਼ੈ ਕੁਮਾਰ ਬਾਰੇ ਚਰਚਾ ਚੱਲਦੀ ਹੈ ਕਿ ਉਸ ਨੇ ਡੇਰਾ ਮੁਖੀ ਰਾਮ ਰਹੀਮ ਸਿੰਘ ਨਾਲ ਸੁਖਬੀਰ ਸਿੰਘ ਬਾਦਲ ਦੀ ਮੁੰਬਈ ਵਿਚ ਮੀਟਿੰਗ ਕਰਾਈ ਸੀ ਅਤੇ ਉਸ ਦੀ ਫਿਲਮ 'ਮੈਸੈਂਜਰ ਆਫ ਗਾਡ' ਨੂੰ ਚਲਾਉਣ ਲਈ ਗੱਲਬਾਤ ਕੀਤੀ ਸੀ। ਅੱਜ ਜਾਰੀ ਕੀਤੇ ਬਿਆਨ ਵਿੱਚ ਅਕਸ਼ੈ ਕੁਮਾਰ ਨੇ 6 ਨੁਕਤੇ ਉਭਾਰੇ ਅਤੇ ਕਿਹਾ ਕਿ ਸੋਸ਼ਲ ਮੀਡੀਆ ਤੇ ਕੁਝ ਅਖ਼ਬਾਰਾਂ ਤੋਂ ਉਸ ਦੇ ਧਿਆਨ ਵਿਚ ਆਇਆ ਹੈ ਕਿ ਸੁਖਬੀਰ ਸਿੰਘ ਬਾਦਲ ਤੇ ਰਾਮ ਰਹੀਮ ਸਿੰਘ ਨਾਂ ਦੇ ਬਾਬੇ ਦੀ ਕਿਸੇ ਮੁਲਾਕਾਤ ਵਿਚ ਉਸ ਦਾ ਕੋਈ ਯੋਗਦਾਨ ਹੈ। ਉਹ ਹੈਰਾਨ ਤੇ ਪ੍ਰੇਸ਼ਾਨ ਹੈ ਕਿ ਕੌਣ ਤੇ ਕਿਸ ਘਟੀਆ ਇਰਾਦੇ ਨਾਲ ਇਹ ਅਫ਼ਵਾਹਾਂ ਫੈਲਾ ਰਿਹਾ ਹੈ। ਉਨ੍ਹਾਂ ਨੇ ਬਿਆਨ ਵਿਚ ਦਾਅਵਾ ਕੀਤਾ ਕਿ ਸਚਾਈ ਇਹ ਹੈ ਕਿ ਉਨ੍ਹਾਂ ਆਪਣੀ ਜ਼ਿੰਦਗੀ ਵਿਚ ਰਾਮ ਰਹੀਮ ਨੂੰ ਕਦੇ ਦੇਖਿਆ ਹੀ ਨਹੀਂ, ਮੁਲਾਕਾਤ ਦਾ ਸਵਾਲ ਹੀ ਨਹੀਂ, ਉਨ੍ਹਾਂ ਨੇ ਏਨਾ ਸੁਣਿਆ ਹੈ ਕਿ ਉਨ੍ਹਾਂ ਦੇ ਜੁਹੂ ਇਲਾਕੇ ਵਿੱਚ ਉਹ (ਰਾਮ ਰਹੀਮ) ਕਿਤੇ ਰਹਿੰਦਾ ਸੀ।

ਅਕਸ਼ੈ ਕੁਮਾਰ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਉਹ ਪੰਜਾਬੀ ਸਭਿਆਚਾਰ ਅਤੇ ਮਹਾਨ ਸਿੱਖ ਵਿਚਾਰਧਾਰਾ ਉੱਤੇ ਫਿਲਮਾਂ, ਜਿਵੇਂ 'ਸਿੰਘ ਇਜ਼ ਕਿੰਗ', ਸਾਰਾਗੜ੍ਹੀ ਯੁੱਧ ਬਾਰੇ ਫਿਲਮ 'ਕੇਸਰੀ' ਆਦਿ ਬਣਾ ਰਿਹਾ ਹੈ। ਉਸ ਨੇ ਕਿਹਾ ਕਿ ਉਸ ਨੂੰ ਆਪਣੇ ਪੰਜਾਬੀ ਹੋਣ ਉਤੇ ਮਾਣ ਹੈ ਤੇ



ਸਿੱਖ ਧਰਮ ਲਈ ਅਥਾਹ ਸ਼ਰਧਾ ਅਤੇ ਸਤਿਕਾਰ ਹੈ। ਉਨ੍ਹਾਂ ਕਿਹਾ ਕਿ ਉਹ ਭੁੱਲ ਕੇ ਵੀ ਆਪਣੇ ਇਨ੍ਹਾਂ ਭੈਣ ਭਰਾਵਾਂ ਦੇ ਦਿਲ ਦੁਖਾਉਣ ਵਾਲੀ ਕਿਸੇ ਗੱਲ 'ਚ ਸ਼ਾਮਲ ਨਹੀਂ ਹੋ ਸਕਦਾ, ਉਸ ਨੂੰ ਰੱਬ ਨੇ ਬਹੁਤ ਮਾਣ, ਇੱਜ਼ਤ ਤੇ ਹੋਰ ਬਹੁਤ ਬਖਸ਼ਿਆ ਹੈ, ਇਨ੍ਹਾਂ ਘਟੀਆ ਗੱਲਾਂ ਤੋਂ ਦੂਰ ਰਹਿ ਕੇ ਉਹ ਆਪਣੇ ਕੰਮ ਵੱਲ ਧਿਆਨ ਦਿੰਦੇ ਹਨ। ਐਕਟਰ ਨੇ ਕਿਹਾ ਕਿ ਕਿਸੇ ਬਦਨੀਤੀ ਜਾਂ ਕਿਸੇ ਘਟੀਆ ਰਾਜਨੀਤੀ ਤੋਂ ਪ੍ਰੇਰਤ ਹੋ ਕੇ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਹਨ, ਜਿਸ ਦੀ ਉਹ ਨਿੰਦਾ ਕਰਦੇ ਹਨ। ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਘਟੀਆ ਹਰਕਤਾਂ ਕਰਨ ਵਾਲਿਆਂ ਵਿਰੁੱਧ ਉਹ ਕਾਨੂੰਨੀ ਕਾਰਵਾਈ ਵੀ ਕਰਨਗੇ।

ਦੂਸਰੇ ਪਾਸੇ ਅੱਜ ਫਿਰ ਸਾਬਕਾ ਵਿਧਾਇਕ ਹਰਬੰਸ ਸਿੰਘ ਜਲਾਲ ਨੇ ਐਕਟਰ ਅਕਸ਼ੈ ਕੁਮਾਰ ਦੀ ਚੁਣੌਤੀ ਕਬੂਲ ਕਰਦੇ ਹੋਏ ਕਿਹਾ ਕਿ ਉਹ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਦੱਸੀ ਸਚਾਈ ਉੱਤੇ ਕਾਇਮ ਹਨ ਤੇ ਆਪਣੀ ਕਹੀ ਗੱਲ ਨੂੰ ਸਹੀ ਸਾਬਤ ਕਰਨ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਉਹ ਕਦੇ ਪਿੱਛੇ ਨਹੀਂ ਹਟਣਗੇ ਤੇ ਅਕਸ਼ੈ ਕੁਮਾਰ ਵੱਲੋਂ ਕਰਵਾਈ ਸੌਦੇਬਾਜ਼ੀ ਸਾਬਤ ਕਰ ਸਕਦੇ ਹਨ। ਉਸ ਨੇ ਇਕੱਲੇ ਨੇ ਨਹੀਂ, ਹੋਰਨਾਂ ਨੇ ਵੀ ਸੌਦੇ ਦਾ ਖ਼ੁਲਾਸਾ ਕੀਤਾ ਹੈ। ਰਾਮਪੁਰਾ ਫੂਲ ਦੇ ਸਾਬਕਾ ਵਿਧਾਇਕ ਹਰਬੰਸ ਸਿੰਘ ਜਲਾਲ ਨੇ ਬੇਅਦਬੀ ਕੇਸਾਂ ਦੇ ਸਬੰਧ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਕੋਲ 9 ਅਕਤੂਬਰ 2017 ਨੂੰ ਬਿਆਨ ਕਲਮਬੰਦ ਕਰਾਏ ਸਨ।

# ਰਾਫ਼ਾਲ ਜਹਾਜ਼ ਦੀ ਕੀਮਤ ਦੇ ਵੇਰਵੇ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਪੇਸ਼ ਕੀਤੇ

*** ਸੁਰੱਖਿਆ ਬਾਰੇ ਕੈਬਨਿਟ ਕਮੇਟੀ ਤੋਂ ਪ੍ਰਵਾਨਗੀ ਲੈਣ ਦਾ ਦਾਅਵਾ**

*** ਰਿਲਾਇੰਸ ਨਾਲ ਭਾਈਵਾਲੀ ਦਾ ਫ਼ੈਸਲਾ ਦਾਸੋ ਏਵੀਏਸ਼ਨ ਦਾ**

ਨਵੀਂ ਦਿੱਲੀ, 12 ਨਵੰਬਰ, (ਪੋਸਟ ਬਿਊਰੋ)- ਫਰਾਂਸ ਤੋਂ ਖਰੀਦੇ ਜਾ ਰਹੇ 36 ਰਾਫ਼ਾਲ ਜੰਗੀ ਜਹਾਜ਼ਾਂ ਦੀ ਕੀਮਤ ਵਾਲੇ ਵੇਰਵੇ ਅੱਜ ਕੇਂਦਰ ਸਰਕਾਰ ਨੇ ਲਿਫ਼ਾਫੇ ਵਿਚ ਬੰਦ ਕਰ ਕੇ ਸੁਪਰੀਮ ਕੋਰਟ ਨੂੰ ਦੇ ਦਿੱਤੇ ਹਨ। ਕੇਂਦਰ ਸਰਕਾਰ ਦੇ ਵਕੀਲ ਨੇ ਦੱਸਿਆ ਕਿ ਸੁਪਰੀਮ ਕੋਰਟ ਨੂੰ ਸੀਲਡ ਕਵਰ ਵਿਚ ਕੀਮਤ ਤੇ ਲਾਗਤ ਦੇ ਵੇਰਵਿਆਂ ਦੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਰਾਫ਼ਾਲ ਸੌਦੇ ਲਈ ਰੱਖਿਆ ਖਰੀਦ ਦੇ ਪ੍ਰੋਟੋਕਾਲ ਦਾ ਪੂਰੀ ਤਰ੍ਹਾਂ ਪਾਲਣ ਹੋਇਆ ਤੇ ਕੈਬਨਿਟ ਕਮੇਟੀ ਔਨ ਸਕਿਓਰਟੀ ਨੇ ਬਾਅਦ ਵਿਚ ਇਸ ਦੀ ਤਸਦੀਕ ਵੀ ਕੀਤੀ ਸੀ।

ਵਰਨਣ ਯੋਗ ਹੈ ਕਿ ਰਾਫ਼ਾਲ ਜੰਗੀ ਜਹਾਜ਼ ਸੌਦੇ ਬਾਰੇ ਵਿਵਾਦ ਭਖਣ ਪਿੱਛੋਂ ਸਾਬਕਾ ਮੰਤਰੀ ਯਸ਼ਵੰਤ ਸਿਨਹਾ ਤੇ ਅਰੁਣ ਸ਼ੋਰੀ ਸਮੇਤ ਕਈ ਗਰੁਪਾਂ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ, ਜਿਸ ਪਿੱਛੋਂ ਕੋਰਟ ਨੇ ਬੀਤੀ 31 ਅਕਤੂਬਰ ਨੂੰ ਕੇਂਦਰ ਸਰਕਾਰ ਤੋਂ ਜਹਾਜ਼ਾਂ ਦੀ ਕੀਮਤ ਤੇ ਸੌਦੇ ਦੇ ਪਰੋ-ਟੋਕੋਲ ਬਾਰੇ ਦਸ ਦਿਨਾਂ ਵਿੱਚ ਵੇਰਵੇ



ਮੰਗੇ ਸਨ। ਪਿਛਲੀ ਪੇਸ਼ੀ ਵੇਲੇ ਕੇਂਦਰ ਸਰਕਾਰ ਵੱਲੋਂ ਸੌਦੇ ਦੇ ਵੇਰਵੇ ਦੇਣ ਨੂੰ ਟਾਲਣ ਲਈ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਪਾਰਲੀਮੈਂਟ ਨਾਲ ਵੀ ਜਹਾਜ਼ਾਂ ਦੇ ਮੁੱਲ ਬਾਰੇ ਵੇਰਵੇ ਸਾਂਝੇ ਨਹੀਂ ਕੀਤੇ ਗਏ। ਆਖਰ ਨੂੰ ਕੇਂਦਰ ਸਰਕਾਰ ਨੇ 14 ਸਫ਼ਿਆਂ ਦੇ ਦਸਤਾਵੇਜ਼ ਪੇਸ਼ ਕਰ ਕੇ ਕਿਹਾ ਹੈ ਕਿ ਰਾਫ਼ਾਲ ਜਹਾਜ਼ਾਂ ਦੀ ਖਰੀਦ ਲਈ ਡਿਫੈਂਸ ਪ੍ਰਕਿਓਰਮੈਂਟ ਪ੍ਰੋਸੀਜਰ-2013 ਦੀ ਪਾਲਣਾ ਕੀਤੀ ਗਈ ਸੀ। ਇਸ ਮੁਤਾਬਕ ਸੌਦੇਬਾਜ਼ੀ ਲਈ ਭਾਰਤ ਨੇ ਟੀਮ ਬਣਾਈ ਸੀ, ਜਿਸ ਨੇ ਫਰਾਂਸ ਨਾਲ ਕਰੀਬ ਇਕ ਸਾਲ ਤੱਕ ਚਰਚਾ ਕੀਤੀ ਤੇ ਸੌਦੇ ਉੱਤੇ ਸਹੀ ਪਾਉਣ ਤੋਂ ਪਹਿਲਾਂ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਨੇ ਇਸ ਦੀ ਪ੍ਰੋੜ੍ਹਤਾ ਕੀਤੀ ਸੀ।

ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜਹਾਜ਼-ਖਰੀਦ ਦੀ ਪ੍ਰਕਿਰਿਆ ਦੇ ਕਦਮਾਂ ਸਮੇਤ ਵੇਰਵੇ ਜਨਤਕ ਖੇਤਰ ਵਿਚ ਰੱਖੇ ਜਾ ਸਕਦੇ ਤੇ ਅਦਾਲਤ ਵਿਚ ਕੇਸ ਕਰਨ ਵਾਲਿਆਂ ਨੂੰ ਦਿੱਤੇ ਜਾ ਸਕਦੇ ਹਨ। ਸਰਕਾਰੀ ਮਾਲਕੀ ਵਾਲੀ ਕੰਪਨੀ ਐਚ ਏ ਐਲ ਨੂੰ ਸੌਦੇ ਤੋਂ ਲਾਂਭੇ ਕਰਨ ਬਾਰੇ ਕੇਂਦਰ ਸਰਕਾਰ ਨੇ ਕਿਹਾ ਕਿ ਭਾਰਤ ਤੇ ਫ਼ਰਾਂਸ ਦੀਆਂ ਦੋ ਸਰਕਾਰਾਂ ਵਿਚਕਾਰ ਸਮਝੌਤੇ (ਆਈ ਜੀ ਏ) ਵਿਚ ਕਿਸੇ ਪ੍ਰਾਈਵੇਟ ਕਾਰੋਬਾਰੀ ਯੂਨਿਟ ਦਾ ਜ਼ਿਕਰ ਨਹੀਂ ਹੈ। ਰਾਫ਼ਾਲ ਜਹਾਜ਼ ਬਣਾਉਣ ਵਾਲੀ ਫਰਾਂਸੀਸੀ ਕੰਪਨੀ ਦਾਸੋ ਏਵੀਏਸ਼ਨ ਵੱਲੋਂ ਰਿਲਾਇੰਸ ਨੂੰ ਭਾਈਵਾਲ ਬਣਾਉਣ ਦੇ ਮਾਮਲੇ ਨਾਲ ਕਿਸੇ ਤਰ੍ਹਾਂ ਦੇ ਸੰਬੰਧ ਤੋਂ ਇਨਕਾਰ ਕਰ ਕੇ ਸਰਕਾਰ ਨੇ ਕਿਹਾ ਕਿ ਭਾਈਵਾਲ ਕੰਪਨੀ ਦੀ ਚੋਣ ਦਾ ਫ਼ੈਸਲਾ ਪੂਰੀ ਤਰ੍ਹਾਂ ਫ਼ਰਾਂਸੀਸੀ ਕੰਪਨੀ ਦਾ ਸੀ।

# ਨਾਭਾ ਨਗਰ ਕੌਂਸਲ ਦਾ ਪ੍ਰਧਾਨ, ਈ ਓ ਅਤੇ ਕਲਰਕ ਸਸਪੈਂਡ

ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਹਾਊਸਿੰਗ ਫਾਰ ਆਲ ਅਤੇ ਸਵੱਛ ਭਾਰਤ ਦੇ ਫੰਡਾਂ ਦੀ ਦੁਰਵਰਤੋਂ ਕਰਨ ਦੇ ਦੋਸ਼ ਵਿਚ ਲੋਕਲ ਬਾਡੀਜ਼ ਵਿਭਾਗ ਨੇ ਵੱਡੀ ਕਾਰਵਾਈ ਹੇਠ ਨਗਰ ਕੌਂਸਲ ਨਾਭਾ ਦੇ ਪ੍ਰਧਾਨ ਰਜਨੀਸ਼ ਕੁਮਾਰ, ਕਾਰਜ ਸਾਧਕ ਅਫਸਰ ਸੁਖਦੀਪ ਸਿੰਘ ਕੰਬੋਜ ਤੇ ਕਲਰਕ ਹਰਜਿੰਦਰਪਾਲ ਨੂੰ ਸਸਪੈਂਡ ਕਰ ਦਿੱਤਾ ਹੈ। ਇਹ ਜਾਣਕਾਰੀ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਖੁਦ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ ਹੈ।

ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਨਗਰ ਕੌਂਸਲ ਨਾਭਾ ਕੋਲ ਗਰੀਬ ਪਰਿਵਾਰਾਂ ਦੇ ਮਕਾਨ ਬਣਾਉਣ ਲਈ ਹਾਊਸਿੰਗ ਫਾਰ ਆਲ ਸਕੀਮ ਹੇਠ ਆਏ ਫੰਡ ਅਤੇ ਸਵੱਛ ਭਾਰਤ ਹੇਠ ਆਏ ਫੰਡ ਦਾ ਇਨ੍ਹਾਂ ਅਧਿਕਾਰੀਆਂ ਨੇ ਠੇਕੇਦਾਰਾਂ ਨੂੰ ਮਿਲੀਭੁਗਤ ਨਾਲ ਗਲਤ ਭੁਗਤਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕੇਸ ਬਹੁਤ ਗੰਭੀਰ ਸੀ ਤੇ ਫੰਡਾਂ ਦੀ ਦੁਰਵਰਤੋਂ ਦੇ ਦੋਸ਼ ਵਿਚ ਵਿਭਾਗ ਦੇ ਪ੍ਰਮੁੱਖ ਸਕੱਤਰ ਏ ਵੇਣੂ ਪ੍ਰਸਾਦ ਨੇ ਨਗਰ ਕੌਂਸਲ ਨਾਭਾ ਦੇ ਪ੍ਰਧਾਨ, ਕਾਰਜ ਸਾਧਕ ਅਫਸਰ ਤੇ ਕਲਰਕ ਦਾ ਪੱਖ ਸੁਣਨ ਲਈ ਉਨ੍ਹਾਂ ਨੂੰ ਨਿੱਜੀ ਸੁਣਵਾਈ ਲਈ ਬੁਲਾਇਆ ਸੀ ਤੇ ਸੁਣਵਾਈ ਪਿੱਛੋਂ ਸਸਪੈਂਡ ਕਰਨ ਦੇ ਹੁਕਮ ਦਿੱਤੇ ਹਨ।

# ਡਾ: ਕ੍ਰਿਪਾਲ ਸਿੰਘ ਨੂੰ ਅਹੁਦੇ ਤੋਂ ਹਟਾਉਣ ਦੀ ਮੁੱਖ ਮੰਤਰੀ ਵੱਲੋਂ ਆਲੋਚਨਾ

ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ 12ਵੀਂ ਜਮਾਤ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿੱਚ ਕੁਝ ਗਲਤੀਆਂ ਦੇ ਵਿਵਾਦ ਦੇ ਅੱਧ ਵਿਚਾਲੇ ਸਿੱਖ ਸਕਾਲਰ ਅਤੇ ਉਘੇ ਇਤਿਹਾਸਕਾਰ ਡਾ: ਕ੍ਰਿਪਾਲ ਸਿੰਘ ਨੂੰ ਸਿੱਖ ਹਿਸਟਰੀ ਰਿਸੋਰਸ ਐਡੀਟਿੰਗ ਪ੍ਰੋਜੈਕਟ ਦੇ ਚੇਅਰਮੈਨ ਦੇ ਅਹੁਦੇ ਤੋਂ ਹਟਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੀ ਤਿੱਖੀ ਆਲੋਚਨਾ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਫੈਸਲੇ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਇਹ ਸਾਫ ਹੈ ਕਿ ਐੱਸ ਜੀ ਪੀ ਸੀ ਨੇ ਆਪਣੇ ਅਕਾਲੀ ਆਕਾਵਾਂ ਦਾ ਕਿਹਾ ਮੰਨਿਆ ਹੈ। ਮੁੱਖ ਮੰਤਰੀ ਨੇ ਇਸ ਫੈਸਲੇ ਦੇ ਸਮੇਂ 'ਤੇ ਵੀ ਉਂਗਲ ਧਰੀ ਤੇ ਕਿਹਾ ਹੈ ਕਿ ਇਹ ਫੈਸਲਾ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੈ, ਜਿਹੜਾ ਐੱਸ ਜੀ ਪੀ ਸੀ ਉੱਤੇ ਕੰਟਰੋਲ ਕਰਦੇ ਅਕਾਲੀਆਂ ਨੇ ਲਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਆਪਣੇ ਅੰਦਰੂਨੀ ਸੰਕਟ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਇਹ ਸੌੜੀ ਸਿਆਸੀ ਖੇਡ ਖੇਡੀ ਹੈ, ਜਦ ਕਿ ਬੇਅਦਬੀ ਵਰਗੇ ਹੋਰ ਗੰਭੀਰ ਮੁੱਦੇ ਸਾਹਮਣੇ ਹਨ। ਸਾਬਕਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਇਨ੍ਹਾਂ ਮਾਮਲਿਆਂ ਵਿੱਚ ਅਕਾਲੀਆਂ ਦੀ ਸ਼ਮੂਲੀਅਤ ਸਾਹਮਣੇ ਲਿਆਂਦੀ ਹੋਈ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਕੂਲ ਸਿਖਿਆ ਬੋਰਡ ਦਾ ਇਤਿਹਾਸ ਸਿਲੇਬਸ ਨੂੰ ਤੋੜਨ-ਮਰੋੜਨ ਦੀ ਐੱਸ ਜੀ ਪੀ ਸੀ ਨੂੰ ਚਿੰਤਾ ਨਹੀਂ, ਜਿਸ ਦੇ ਦੋ ਮੈਂਬਰ ਸਿਲੇਬਸ ਦਾ ਜਾਇਜ਼ਾ ਲੈਣ ਲਈ ਬਣਾਈ ਕਮੇਟੀ ਵਿੱਚ ਸ਼ਾਮਲ ਹਨ ਤੇ ਇਹ ਕਮੇਟੀ ਮੀਟਿੰਗਾਂ ਵਿੱਚ ਹਿੱਸਾ ਲੈ ਰਹੇ ਸਨ, ਉਘੇ ਸਿੱਖ ਇਤਿਹਾਸਕਾਰ ਅਤੇ ਵਿਦ-ਵਾਨ ਡਾਕਟਰ ਕਿਰਪਾਲ ਸਿੰਘ ਦੀ ਅਗਵਾਈ ਵਿੱਚ ਇਹ ਕਮੇਟੀ ਸਿਲੇਬਸ ਦੇ ਮੁੱਦੇ ਨੂੰ ਦੇਖਣ ਲਈ ਬਣਾਈ ਗਈ ਹੈ ਜਿਸ ਬਾਰੇ ਐੱਸ ਜੀ ਪੀ ਸੀ ਦਾ ਫੈਸਲਾ ਉਚਿਤ ਨਹੀਂ ਹੈ।

ਇਤਿਹਾਸ ਦੇ ਸਿਲੇਬਸ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਸੰਬੰਧ ਵਿੱਚ ਸਿਰਫ ਅਕਾਲੀ ਜ਼ਿੰਮੇਵਾਰ ਹਨ ਅਤੇ ਸਕੂਲ ਦੇ ਇਤਿਹਾਸ ਦੀਆਂ ਕਿਤਾਬਾਂ ਵਿੱਚ ਇਹ ਗਲਤੀਆਂ ਉਨ੍ਹਾਂ ਦੇ ਆਪਣੇ ਸ਼ਾਸਨ ਦੌਰਾਨ 2014 ਵਿੱਚ ਹੋਈਆਂ ਸਨ, ਜਦੋਂ ਭਾਜਪਾ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਦੇ ਮਨੁੱਖੀ ਸਰੋਤਾਂ ਦੇ ਮੰਤਰਾਲੇ ਨੇ ਰਾਸ਼ਟਰੀ ਪਹੁੰਚ ਦੇ ਨਾਂਅ ਉੱਤੇ ਸਮਾਜ ਵਿਗਿਆਨ ਦੇ ਵਿਸ਼ਿਆਂ ਦੇ ਸਿਲੇਬਸ ਨੂੰ ਤਰਕ ਸਗੰਤ ਬਣਾਉਣ ਲਈ ਪਹਿਲੇ ਕਦਮ ਚੁੱਕੇ ਸਨ। ਇਸ ਤੋਂ ਬਾਅਦ ਐੱਚ ਆਰ ਡੀ ਮੰਤਰਾਲੇ ਨੇ ਇਸ ਮਕਸਦ ਲਈ ਸਿਲੇਬਸ ਕਮੇਟੀ ਗਠਿਤ ਕਰਨ ਲਈ ਐੱਨ ਸੀ ਈ ਆਰ ਟੀ ਦੇ ਨੁਮਾਇੰਦਿਆਂ ਸਣੇ ਰਾਜਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ।

# ਚੌਟਾਲਿਆਂ ਦਾ ਰੱਫੜ ਨਿਬੇੜਨ ਲੱਗੇ ਵੱਡੇ ਬਾਦਲ ਨੂੰ ਲੱਕ-ਪੀੜ ਨੇ ਘੇਰ ਲਿਆ

ਲੰਬੀ, 12 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਪਿੱਠ ਦਰਦ ਚੌਟਾਲਾ ਪਰਿਵਾਰ ਦੇ ਸਿਆਸੀ ਝਗੜੇ ਨੂੰ ਨਿਬੇੜਨ ਵਿੱਚ ਅੜਿੱਕਾ ਬਣਨ ਲੱਗਾ ਹੈ। ਅਖ਼ਬਾਰੀ ਖ਼ਬਰਾਂ ਮੁਤਾਬਕ ਝਗੜੇ ਮੁਕਾਉਣ ਲਈ ਪ੍ਰਕਾਸ਼ ਸਿੰਘ ਬਾਦਲ ਨੇ ਚੌਟਾਲਾ ਪਰਿਵਾਰ ਦੇ ਜੇਠੇ ਪੁੱਤਰ ਡਾ. ਅਜੈ ਸਿੰਘ ਚੌਟਾਲਾ ਨਾਲ ਅੱਜ ਚੰਡੀਗੜ੍ਹ ਵਿੱਚ ਮੀਟਿੰਗ ਕਰਨੀ ਸੀ ਤੇ ਬਾਦਲ ਦਾ ਚੰਡੀਗੜ੍ਹ ਜਾਣ ਦਾ ਪ੍ਰੋਗਰਾਮ ਸੀ, ਪਰ ਪਿੱਠ ਦਰਦ ਕਾਰਨ ਨਹੀਂ ਜਾ ਸਕੇ।

ਇਸ ਦੌਰਾਨ ਚੌਟਾਲਾ ਪਰਵਾਰ ਨਾਲ ਪ੍ਰਕਾਸ਼ ਸਿੰਘ ਬਾਦਲ ਦੀ ਇਸ ਮੁਲਾਕਾਤ ਦੀਆਂ ਸੂਹਾਂ ਲੈਣ ਲਈ ਪੰਜਾਬ ਤੇ ਹਰਿਆਣੇ ਦੇ ਮੀਡੀਆ ਵਾਲੇ ਸਰਗਰਮ ਰਹੇ, ਪਰ ਪਿੱਠ ਦਰਦ ਕਾਰਨ ਬਾਦਲ ਲਗਪਗ ਸਾਰਾ ਦਿਨ ਬੈੱਡ ਰੈਸਟ ਕਰਦੇ ਰਹੇ। ਜਾਣਕਾਰ ਸੂਤਰਾਂ ਮੁਤਾਬਕ ਪ੍ਰਕਾਸ਼ ਸਿੰਘ ਬਾਦਲ ਸਾਰੇ ਝਗੜੇ ਨੂੰ 17 ਨਵੰਬਰ ਨੂੰ ਅਜੈ ਸਿੰਘ ਚੌਟਾਲਾ ਦੀ ਜੀਂਦ ਵਿੱਚ ਹੋ ਰਹੀ ਮੀਟਿੰਗ ਤੋਂ



ਪਹਿਲਾਂ ਨਿਬੇੜਨਾ ਚਾਹੁੰਦੇ ਹਨ ਅਤੇ ਪਿੱਠ ਦਰਦ ਦੇ ਬਾਵਜੂਦ ਉਨ੍ਹਾਂ ਮੋਬਾਈਲ 'ਤੇ ਗੱਲਬਾਤ ਰਾਹੀਂ ਇਨੈਲੋ ਪਰਿਵਾਰ ਦਾ ਪਾੜਾ ਮੁਕਾਉਣ ਲਈ ਯਤਨ ਕੀਤੇ ਹਨ, ਪਰ ਗੱਲ ਨਹੀਂ ਬਣ ਸਕੀ। ਸੂਤਰਾਂ ਮੁਤਾਬਕ ਬਾਬਾ ਬਾਦਲ ਦੀ ਅੱਖ ਦੀ ਸ਼ਰਮ ਬਿਨਾਂ ਕੰਮ ਨਹੀਂ ਹੋਣਾ ਅਤੇ ਇਹ ਕੰਮ ਮਿਲਣ ਬਿਨਾਂ ਨਹੀਂ ਹੋਣ ਵਾਲਾ। ਪ੍ਰਕਾਸ਼ ਸਿੰਘ ਬਾਦਲ ਚੌਟਾਲਾ ਟੱਬਰ ਦੇ ਸਰਬ ਪ੍ਰਵਾਨਤ ਬਜ਼ੁਰਗ ਹਨ। ਦੀਵਾਲੀ ਮੌਕੇ ਹਰਿਆਣਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਅਭੈ ਸਿੰਘ ਚੌਟਾਲਾ ਨੇ ਵੀ ਪਿੰਡ ਬਾਦਲ ਵਿੱਚ ਆਣ ਕੇ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਸੀ।

ਮਿਲੀ ਜਾਣਕਾਰੀ ਅਨੁਸਾਰ ਪਰਸੋਂ ਬਾਬਾ ਫਰੀਦ ਯੂਨੀਵਰਸਿਟੀ ਆਫ਼ ਮੈਡੀਕਲ ਸਾਇੰਸਿਜ਼ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਸਿੰਘ ਸਾਬਕਾ ਮੁੱਖ ਮੰਤਰੀ ਬਾਦਲ ਦੇ ਪਿੱਠ ਦਰਦ ਦੀ ਜਾਂਚ ਲਈ ਗਏ ਤੇ ਉਨ੍ਹਾਂ ਨੇ ਪਿੱਠ ਦਰਦ ਨੂੰ ਨਾਰਮਲ ਕਿਹਾ ਸੀ। ਪਿੱਠ ਦਰਦ ਬਾਪੂ ਬਾਦਲ ਦੀ ਪ੍ਰੇਸ਼ਾਨੀ ਬਣ ਰਿਹਾ ਹੈ ਤੇ ਡਾਕਟਰਾਂ ਨੇ ਆਰਾਮ ਦੀ ਸਲਾਹ ਦਿੱਤੀ ਹੈ। ਪਤਾ ਲੱਗਾ ਹੈ ਕਿ ਬਾਦਲ ਦਾ ਪੁਰਾਣਾ ਪਿੱਠ ਦਰਦ ਬੀਤੇ ਦਿਨੀਂ ਬੁਢਲਾਢਾ ਦੌਰੇ ਦੌਰਾਨ ਰਸਤੇ ਵਿੱਚ ਖਰਾਬ ਸੜਕ ਦੇ ਝਟਕਿਆਂ ਨਾਲ ਫਿਰ ਚੱਲ ਪਿਆ। ਚੌਟਾਲਾ ਪਰਿਵਾਰ ਦੇ ਦੋਫਾੜ ਹੋਣ ਤੋਂ ਵੀ ਵੱਡੇ ਬਾਦਲ ਪ੍ਰੇਸ਼ਾਨ ਹਨ ਅਤੇ ਇਸ ਦੌਰਾਨ ਅਕਾਲੀ ਦਲ ਵਿਚਲੇ ਹਾਲਾਤ ਦੇ ਵਿਗੜਨ ਦੇ ਨਾਲ ਹੀ ਇਨੈਲੋ ਦੇ ਅੰਦਰ ਹਾਲਾਤ ਵੀ ਵਿਗੜ ਜਾਣ ਨਾਲ ਬਾਦਲ ਦੇ ਮਨ ਦੀ ਬੇਚੈਨੀ ਵਧਦੀ ਜਾਪ ਰਹੀ ਹੈ।

# ਛੱਤੀਸਗੜ੍ਹ ਦੇ ਨਕਸਲੀ ਪ੍ਰਭਾਵਤ ਇਲਾਕੇ ਵਿੱਚ ਪਹਿਲੇ ਗੇੜ ਵਿੱਚ 70 ਫ਼ੀਸਦੀ ਵੋਟਿੰਗ

ਰਾਏਪੁਰ, 12 ਨਵੰਬਰ, (ਪੋਸਟ ਬਿਊਰੋ)- ਛੱਤੀਸਗੜ੍ਹ ਵਿਧਾਨ ਸਭਾ ਦੀਆਂ 90 ਸੀਟਾਂ ਵਿੱਚੋਂ 18 ਸੀਟਾਂ ਦੇ ਲਈ ਅੱਜ ਭਾਰੀ ਸੁਰੱਖਿਆ ਹੇਠ ਪਹਿਲੇ ਗੇੜ ਦੌਰਾਬ ਕਰੀਬ 70 ਫ਼ੀਸਦੀ ਲੋਕਾਂ ਨੇ ਵੋਟ ਪਾਈ। ਸੀਨੀਅਰ ਉਪ ਚੋਣ ਕਮਿਸ਼ਨਰ ਉਮੇਸ਼ ਸਿਨਹਾ ਨੇ ਕਿਹਾ ਕਿ ਚੋਣ ਫੀਸਦੀ ਵਧ ਸਕਦੀ ਹੈ, ਕਿਉਂਕਿ ਅਜੇ ਅੰਤਮ ਅੰਕੜੇ ਮਿਲਣੇ ਬਾਕੀ ਹਨ।

ਇਸ ਦੌਰਾਨ ਚੋਣ ਕਮਿਸ਼ਨ ਦੇ ਦੱਸਿਆ ਕਿ ਕਾਂਕੇਰ ਹਲਕੇ ਵਿੱਚ 62 ਫ਼ੀਸਦੀ, ਕੋਂਡਾਗਾਉਂ 61.47, ਬਸਤਰ 58 ਅਤੇ ਦਾਂਤੇਵਾੜਾ 49 ਫ਼ੀਸਦੀ ਵੋਟਿੰਗ ਹੋਈ ਹੈ। ਦੂਜੇ ਗੇੜ ਵਿੱਚ 72 ਸੀਟਾਂ ਉੱਤੇ ਪੋਲਿੰਗ 20 ਨਵੰਬਰ ਨੂੰ ਹੋਵੇਗੀ। ਵੋਟਾਂ ਦੀ ਗਿਣਤੀ ਅਤੇ ਨਤੀਜੇ 11 ਦਸੰਬਰ ਨੂੰ ਆਉਣਗੇ। ਅਧਿਕਾਰੀਆਂ ਮੁਤਾਬਕ ਨਕਸਲੀ ਪ੍ਰਭਾਵਤ ਇਲਾਕਿਆਂ ਵਿੱਚ ਵੋਟਰਾਂ ਨੇ ਭਾਰੀ ਉਤਸ਼ਾਹ ਦਿਖਾਇਆ। ਨਕਸਲੀਆਂ ਨੇ ਵੋਟ ਬਾਈਕਾਟ ਲਈ ਕਿਹਾ ਸੀ। ਕਰੀਬ 15 ਸਾਲਾਂ ਪਿੱਛੋਂ ਸੁਕਮਾ ਜ਼ਿਲ੍ਹੇ ਦੇ ਪਾਲਮ ਅਡਗੂ ਪਿੰਡ ਵਿੱਚ ਵੋਟਾਂ ਪਈਆਂ, ਜਿਥੇ 44 ਵੋਟਰਾਂ ਨੇ ਵੋਟ ਹੱਕ ਦੀ ਵਰਤੋਂ ਕੀਤੀ। ਆਤਮ ਸਮਰਪਣ ਕਰ ਚੁੱਕੇ ਨਕਸਲੀ ਜੋੜੇ ਮੈਨੂਰਾਮ ਤੇ ਉਸ ਦੀ ਪਤਨੀ ਰਾਜਬਤੀ ਨੇ ਨਰਾਇਣਪੁਰ ਹਲਕੇ ਵਿੱਚ ਆਪਣੀ ਵੋਟ ਪਾਈ। ਇਸ ਦੌਰਾਨ ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ 'ਚ ਸੋਮਵਾਰ ਸ਼ਾਮ ਸੁਰੱਖਿਆ ਬਲਾਂ ਨਾਲ ਭੇੜ ਦੇ ਦੌਰਾਨ ਦੋ ਨਕਸਲੀ ਮਾਰੇ ਗਏ। ਇਕ ਅਧਿਕਾਰੀ ਮੁਤਾ-ਬਕ ਦੋ ਨਕਸਲੀਆਂ ਨੂੰ ਮੁਕਾਬਲੇ ਵਾਲੀ ਥਾਂ ਤੋਂ ਫੜਿਆ ਹੈ। ਇਹ ਮੁਕਾਬਲਾ ਪੁਸ਼ਪਾਲ ਪੁਲੀਸ ਥਾਣੇ ਨੇੜਲੇ ਪਿੰਡ ਦੇ ਜੰਗਲਾਂ 'ਚ ਹੋਇਆ। ਜ਼ਿਲ੍ਹਾ ਰਿਜ਼ਰਵ ਗਾਰਡ (ਡੀ ਆਰ ਜੀ) ਦੀ ਟੀਮ ਚੋਣ ਡਿਊਟੀ ਤੋਂ ਮੁੜ ਰਹੀ ਸੀ ਤਾਂ ਮੁਕਾਬਲਾ ਹੋਇਆ। ਦੂਸਰੇ ਪਾਸੇ ਬੀਜਾਪੁਰ ਜ਼ਿਲ੍ਹੇ 'ਚ ਨਕਸਲੀਆਂ ਨਾਲ ਦੋ ਮੁਕਾਬਲਿਆਂ ਦੌਰਾਨ ਪੰਜ ਕਮਾਂਡੋ ਜ਼ਖ਼ਮੀ ਹੋ ਗਏ। ਮਾਜੀਗੁੜਾ ਪਿੰਡ ਨੇੜੇ ਜੰਗਲ 'ਚ ਗਸ਼ਤੀ ਟੀਮ ਘੇਰਾ ਪਾ ਰਹੀ ਸੀ ਤਾਂ ਨਕਸਲੀਆਂ ਨੇ ਗੋਲੀ ਚਲਾ ਕੇ ਅਸਿਸਟੈਂਟ ਕਮਾਂਡੈਂਟ, ਹੈੱਡ ਕਾਂਸਟੇਬਲ ਸੁਨੀਲ ਅਤੇ ਕਾਂਸਟੇਬਲ ਚੈਤੰਨਿਆ ਨੂੰ ਜ਼ਖ਼ਮੀ ਕਰ ਦਿੱਤਾ।








**Paramjit Deol** Broker **CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

**BRAMPTON $89,000** — Photo Not Available — Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

**HAMILTON $25/Sq Ft.** — 135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

**BRAMPTON $2,500** — 85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $54,900** — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

**BRAMPTON $249,000** — Photo Not Available — 10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

**PICKERING $59,000** — 1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

**BRAMPTON $541,800** — Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

**AJAX $169,900** — Photo Not Available — 44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੈਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋਂ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

**KITCHENER $369,999** — Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਊਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

**TORONTO $508,775** — Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $629,000** — 60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

**TORONTO $825,000** — Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

**BRAMPTON $179,000** — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

**TORONTO $944,000** — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

**BRAMPTON $849,000** — Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

**CALEDON $1,009,999** — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵੱਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਆਮ ਆਦਮੀ ਪਾਰਟੀ ਟਰੋਂਟੋ ਦੇ ਵਲੰਟੀਅਰਜ਼ ਨੇ ਕੀਤੀ ਮੀਟਿੰਗ



(ਬਰੈਂਪਟਨ/ਬਾਸੀ ਹਰਚੰਦ)ਪਿਛਲੇ ਐਤਵਾਰ ਨੂੰ ਬਰੈਂਪਟਨ ਸੌਕਰ ਸੈਂਟਰ ਵਿਖੇ ਆਮ ਆਦਮੀ ਪਾਰਟੀ( ਕਨੇਡਾ) ਦੇ ਵਲੰਟੀਅਰਜ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਹਾਲਾਤਾਂ ਦੇ ਘਟਨਾਕਰਮ ਬਾਰੇ ਮੀਟਿੰਗ ਕੀਤੀ। ਮੀਟਿੰਗ ਵਿੱਚ ਦੋ ਦਰਜਨ ਤੋਂ ਵੱਧ ਸਰਗਰਮ ਸਾਥੀਆਂ ਨੇ ਸ਼ਿਰਕਤ ਕੀਤੀ। ਦੋ ਢਾਈ ਘੰਟੇ ਚੱਲੀ ਮੀਟਿੰਗ ਵਿੱਚ ਪਾਰਟੀ ਦੇ ਮਜੂਦਾ ਹਾਲਾਤਾਂ ਦੀਆਂ ਵਾਪਰੀਆਂ ਘਟਨਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਸੱਭ ਤੋਂ ਪਹਿਲਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਇਕਾਈ ਵਿੱਚ ਬੀਤੇ ਕੁੱਝ ਸਮੇਂ ਤੋਂ ਬਣੇ ਅਣਸੁਖਾਵੇਂ ਮਹੌਲ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਹਰ ਇੱਕ ਨੇ ਆਪਣੇ ਵਿਚਾਰ ਖੁੱਲ੍ਹ ਕੇ ਦੱਸੇ। ਕੁੱਝ ਕਮੀਆਂ ਪੇਸ਼ੀਆਂ ਤੇ ਵੀ ਚਰਚਾ ਹੋਈ। ਪਰ ਇਸ ਗੱਲ ਤੇ ਸਾਰੇ ਇੱਕ ਮੱਤ ਸਨ ਕਿ ਪਾਰਟੀ ਅਨੁਸਾਸ਼ਨ ਅਤਿ ਜਰੂਰੀ ਹੈ। ਇਹ ਮਤਾ ਪਾਸ ਕੀਤਾ ਗਿਆ ਕਿ ਅਸੀਂ ਸਾਰੇ ਦੇਸ ਅਤੇ ਪੰਜਾਬ ਦਾ ਸਿਸਟਮ ਬਦਲਣ ਲਈ ਕੇਜਰੀਵਾਲ ਦੇ ਦਿਤੇ ਪ੍ਰੋਗਰਾਮ ਦੀ ਹਮਾਇਤ ਕਰਨ ਲਈ ਸਵੈਇਛਾ ਨਾਲ ਪਾਰਟੀ ਵਿੱਚ ਆਏ ਹਾਂ ਅਤੇ ਅੱਜ ਵੀ ਉਸ ਦੇ ਦਿਤੇ ਗਏ ਪ੍ਰੋਗਰਾਮ ਦੀ ਹਮਾਇਤ ਕਰਨ ਲਈ ਈਮਾਨਦਾਰੀ ਨਾਲ ਪੂਰਾ ਸਮਰਥਨ ਕਰਦੇ ਹਾਂ। ਸਾਨੂੰ ਭਰੋਸਾ ਹੈ ਕਿ ਦਿਲੀ ਵਿੱਚ ਕੇਜਰੀਵਾਲ ਅਤੇ ਸਿੰਸੋਧੀਆ ਦੀ ਅਗਵਾਈ ਵਿੱਚ ਅਨੇਕਾਂ ਔਕੜਾਂ ਦੇ ਬਾਵਜੂਦ ਵੀ ਅਪਣੀ ਕਥਨੀ ਨੂੰ ਕਰਨੀ ਵਿੱਚ ਬਦਲ ਕੇ ਦਿਖਾਇਆ ਹੈ। ਉਸ ਦੀ ਈਮਾਨਦਾਰੀ ਤੇ ਉਂਗਲ ਉਠਾਉਣ ਦਾ ਕੋਈ ਕਾਰਨ ਨਹੀਂ ਬਣਦਾ। ਪੰਜਾਬ ਇਕਾਈ ਨੇ ਸਿਰੋਂ ਪਾਣੀ ਲੰਘਣ ਪਿੱਛੋਂ ਜੋ ਫੈਸਲਾ ਪਾਰਟੀ ਵਿੱਚ ਅਨੁਸਾਸ਼ਨ ਰੱਖਣ ਲਈ ਦੋ ਵਿਅੱਕਤੀਆਂ ਨੂੰ ਨਿਲੰਬਤ ਕਰਨ ਦਾ ਲਿਆ ਹੈ, ਉਸ ਦੀ ਹਮਾਇਤ ਕਰਦੇ ਹਾਂ।

ਦੂਜਾ ਅੱਜ ਦੀ ਮੀਟਿੰਗ ਵਿੱਚ ਮਤਾ ਪਾਸ ਕਰਦੇ ਹਾਂ ਕਿ ਪਾਰਟੀ ਨਾਲ ਨਰਾਜ਼ ਸਾਥੀਆਂ ਨੂੰ ਬੇਨਤੀ ਕਰਦੇ ਹਾਂ ਕਿ ਆਪਸੀ ਮੱਤਭੇਦ ਭੁਲਾਕੇ ਇੱਕ ਮੰਚ ਤੇ ਆ ਕੇ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਆਮ ਆਮੀ ਪਾਰਟੀ ਦੇ ਸੰਜੋਜਕ ਕੇਜਰੀਵਾਲ ਦੇ ਸਿਸਟਮ ਬਦਲਣ ਦੇ ਸੰਘਰਸ਼ ਦੀ ਹਮਾਇਤ ਕਰੀਏ। ਲੋਕਾਂ ਨੂੰ ਭੈੜੇ ਭ੍ਰਿਸ਼ਟ ਨਿਜਾਮ ਤੋਂ ਛੁਟਕਾਰਾ ਦੁਆਉਣ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ।

ਇਹ ਵੀ ਫੈਸਲਾ ਲਿਆ ਗਿਆ ਕਿ ਪਾਰਟੀ ਵਲੰਟੀਅਰਜ਼ ਦੀ ਹਰ ਮਹੀਨੇ ਮੀਟਿੰਗ ਕੀਤੀ ਜਾਇਆ ਕਰੇ ਜਿਸ ਵਿੱਚ ਪਾਰਟੀ ਸਰਗਰਮੀਆਂ ਦੀ ਸਮੀਖਿਆ ਕੀਤੀ ਜਾਇਆ ਕਰੇ ਅਤੇ ਪਾਰਟੀ ਦੀ ਬਿਹਤਰੀ ਲਈ ਸਰਗਰਮੀਆਂ ਵਧਾਈਆਂ ਜਾਣ।

ਕਨੇਡਾ ਵਿੱਚ ਪਾਰਟੀ ਇਕਾਈਆਂ ਨਾਲ ਤਾਲ ਮੇਲ ਰੱਖ ਕੇ ਪਾਰਟੀ ਸੂਚਨਾਵਾਂ ਨੂੰ ਅਪਡੇਟ ਰੱਖਿਆ ਜਾਏ। ਉਪਰੋਕਤ ਸਾਰੇ ਫੈਸਲੇ ਸਰਵਸੰਮਤੀ ਨਾਲ ਲਏ ਗਏ। ਆਮ ਆਦਮੀ ਪਾਰਟੀ ਦੇ ਸੁਹਿਰਦ ਮੈਂਬਰ ਮੀਟਿੰਗਾਂ ਵਿੱਚ ਹਾਜ਼ਿਰ ਹੋਣ ਲਈ ਅਤੇ ਪਾਰਟੀ ਸਰਗਰਮੀਆਂ ਵਿੱਚ ਸ਼ਾਮਲ ਹੋਣ ਲਈ ਜਾਣਕਾਰੀ ਵਾਸਤੇ ਹੇਠ ਲਿਖੇ ਫੋਨ ਤੇ ਸੰਪਰਕ ਕਰਨ। ਹੋਰ ਜਾਣਕਾਰੀ ਲਈ ਫੋਨ ਨੰਬਰ ਹਰਪ੍ਰੀਤ ਸਿੰਘ ਖੋਸਾ 647-278 - 4909

# ਇੱਕ ਸੌ ਸਾਲਾ ਰਿਮੈਮਬਰੈਂਸ ਦਿਨ 'ਤੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਯਾਦਗਾਰੀ ਚਿੱਤਰ ਕੈਨੇਡਾ ਨੂੰ ਭੇਂਟ

ਟੋਰਾਂਟੋ : ਇਸ ਸਾਲ ਵਿਸ਼ੇਸ਼ ਤੌਰ 'ਤੇ ਮਨਾਏ ਜਾ ਰਹੇ ਨੂੰ ਇੱਕ ਸੌ ਸਾਲਾ ਰਿਮੈਮਬਰੈਸ਼ਂ ਦਿਨ 'ਤੇ ਕਨੇਡਾ ਦੇ ਸ਼ਹੀਦਾਂ ਫ਼ੌਜੀ ਜਵਾਨਾਂ ਨੂੰ ਸਮਰਪਿਤ ਵਿਸ਼ੇਸ਼ ਯਾਦਗਾਰੀ ਚਿੱਤਰ ਬਣਾਇਆਂ ਗਿਆ ਹੈ ।ਯਾਦ ਰਹੇ ਕਿ ਸਾਰੇ ਕਨੇਡਾ ਭਰ ਵਿੱਚ ਹਰ ਸਾਲ ਗਿਆਰਾਂ ਨਵੰਬਰ ਸਵੇਰੇ ਗਿਆਰਾ ਵੱਜ ਕੇ ਗਿਆਰਾਂ ਮਿੰਟ ਤੇ ਦੋ ਮਿੰਟ ਲਈ ਦੇਸ ਲਈ ਕੁਰਬਾਨੀ ਕਰਨ ਵਾਲੇ ਫੌਜੀ ਸ਼ਹੀਦਾਂ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ । ਵਿਸ਼ਵ ਯੁੱਧਾਂ ਦੇ ਸ਼ਹੀਦਾਂ ਨੂੰ ਦੇਸ ਵਾਸੀਆ ਵੱਲੋਂ ਯਾਦ ਕੀਤਾ ਜਾਂਦਾ ਹੈ।ਇਸ ਮੌਕੇ ਸਾਰੇ ਕਨੇਡੀਅਨ ਨਾਗਰਿਕ ਸਤਿਕਾਰ ਵਜੋਂ ਕੋਟ ਦੇ ਕਾਲਰ ਤੇ ਪੋਪੀ ਦਾ ਫੁੱਲ ਲਾਉਦੇ ਹਨ ।ਯਾਦ ਰਹੇ ਇਹ ਯੁੱਧ ਸੌ ਦਿਨ ਚੱਲਿਆ ਸੀ ।ਪਹਿਲਾ ਰੈਮਮਬਰੇਸ ਡੇਅ 1918 ਨੂੰ ਸੁਰੂ ਹੋਇਆ ਸੀ ।ਇਸ ਸਾਲ ਇਸਦੀ 100 ਵੀਂ ਸਾਲ ਗ੍ਰਿਹਾ ਦੇ ਮੌਕੇ ਤੇ ਕਨੇਡੀਅਨ ਨਾਗਰਿਕ ਤੇ ਪੰਜਾਬੀ ਕਲਾਕਾਰ ਬਲਜਿੰਦਰ ਸੇਖਾ ਨੇ ਪਹਿਲਾ ਨਿਵੇਕਲਾ ਸ਼ਹੀਦਾਂ ਨੂੰ ਸਮਰਪਿਤ ਚਿੱਤਰ ਦੇਸ ਨੂੰ ਭੇਟ ਕੀਤਾ ਹੈ ।ਜਿਸ ਵਿੱਚ ਪੰਜਾਬੀ ਭਾਸ਼ਾ ਵਿੱਚ ਵੀ ਦੇਸ ਦੇ ਸ਼ਹੀਦਾਂ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਗਏ ਹਨ ।ਜਿਸ ਨਾਲ ਪੰਜਾਬੀਆਂ ਦੀ ਕਨੇਡਾ ਨਾਲ ਭਾਵਨਾਤਿਕ ਸਾਂਝ ਦਿਲੋਂ ਮਹਿਸੂਸ ਹੁੰਦੀ ਹੈ।ਇੱਥੇ ਵਰਨਣਯੋਗ ਹੈ ਕਿ ਕਨੇਡਾ ਵਿੱਚ ਫੌਜਾਂ ਦੇ ਮੁਖੀ ਕਨੇਡਾ ਰੱਖਿਆਂ ਮੰਤਰੀ ਮਾਨਯੋਗ ਹਰਜੀਤ ਸਿੰਘ ਸੱਜਣ ਵੀ ਪੰਜਾਬੀ ਮੂਲ ਦੇ ਕਨੇਡੀਅਨ ਹਨ




# ਹੰਬਰਵੁਡ ਸੀਨੀਅਰ ਕਲੱਬ ਨੇ ਬੰਦੀ ਛੋੜ ਦਿਵਸ ਤੇ ਦਿਵਾਲੀ ਦਾ ਤਿਉਹਾਰ ਮਨਾਇਆ



ਹੰਬਰਵੁਡ ਸੀਨੀਅਰ ਕਲੱਬ ਵਲੋਂ ਹੰਬਰਵੁਡ ਕਮਿਉਨਿਟੀ ਸੈਂਟਰ ਵਿਖੇ ਬੰਦੀ ਛੋੜ ਦਿਵਸ ਤੇ ਦਿਵਾਲੀ ਦਾ ਤਿਓਹਾਰ ਬੜੀ ਸ਼ਰਧਾ ਨਾਲ ਮਨਾਇਆ ਗਿਆ। ਕਲੱਬ ਦੇ ਚੇਅਰਮੈਨ ਬਚਿੱਤਰ ਸਿੰਘ ਰਾਏ ਉਪ ਪ੍ਰਧਾਨ ਸ੍ਰੀ ਸਵਰਨ ਸਿੰਘ ਹੇਅਰ, ਸ੍ਰੀ ਪ੍ਰੀਤਮ ਸਿੰਘ ਮਾਵੀ ਤੇ ਸਕੱਤਰ ਸ੍ਰੀ ਪ੍ਰਮੋਦ ਚੰਦਰ ਸ਼ਰਮਾ, ਕੈਸ਼ੀਅਰ ਸ੍ਰੀ ਅਮਰ ਸਿੰਘ ਤੇ ਸ੍ਰੀ ਅਮਰਜੀਤ ਸਿੰਘ ਬਲ, ਅਮਰਜੀਤ ਸਿੰਘ ਸ਼ੇਰਗਿੱਲ, ਸ੍ਰੀ ਅਮਰੀਕ ਸਿੰਘ ਮਾਨ, ਸ੍ਰੀ ਗੁਰਮੇਲ ਸਿੰਘ ਢਿੱਲੋਂ, ਪ੍ਰੇਮ ਕੁਮਾਰ ਸ਼ਰਮਾ ਤੇ ਸਾਰੇ ਕਲੱਬ ਵਲੋਂ ਬੰਦੀ ਛੋੜ ਦਿਵਸ ਤੇ ਦਿਵਾਲੀ ਦੀਆਂ ਸਾਰੀ ਲੋਕਾਈ ਨੂੰ ਵਧਾਈਆਂ ਦਿੱਤੀਆਂ ਗਈਆਂ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਕਲੱਬ ਵਲੋਂ ਸ਼ਾਨਦਾਰ ਪਾਰਟੀ ਦਾ ਆਯੋਜਨ ਕੀਤਾ ਗਿਆ।

# ਰਾਮਗੜ੍ਹੀਆ ਕਮਿਊਨਿਟੀ ਭਵਨ ਵਿਖੇ ਕੀਰਤਨ ਦਰਬਾਰ ਸਜਾਏ ਗਏ

## ਮੇਅਰ ਅਤੇ ਇੰਡੀਅਨ ਕਾਂਸਲੇਟ ਦੇ ਅਫ਼ਸਰ ਨੇ ਸ਼ਿਰਕਤ ਕੀਤੀ



ਬਰੈਂਪਟਨ (ਜਰਨੈਲ ਸਿੰਘ ਮਠਾੜੂ): ਬੀਤੇ ਦਿਨੀਂ ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਆਫ਼ ਉਨਟਾਰੀਓ ਵੱਲੋਂ ਰਾਮਗੜ੍ਹੀਆ ਕਮਿਊਨਿਟੀ ਭਵਨ ਵਿਖੇ 7 ਨਵੰਬਰ ਦੀ ਸ਼ਾਮ ਨੂੰ 5 ਵਜੇ ਤੋਂ 8 ਵਜੇ ਤੱਕ ਕੀਰਤਨ ਦਰਬਾਰ ਸਜਾਏ ਗਏ । ਅੱਠ ਨਵੰਬਰ ਨੂੰ ਸ਼ਾਮ ਨੂੰ 6 ਵਜ਼ੇ ਤੋਂ 9 ਵਜੇ ਤੱਕ, ਜਿਸ ਵਿੱਚ ਭਾਈ ਲਾਲੋ ਜੀ ਗੁਰਮਤਿ ਅਕੈਡਮੀ ਯੂਨਿਟ ਨੰਬਰ 40 ਵਿੱਚ ਚਲਾਈ ਜਾ ਰਹੀ ਹੈ, ਦੇ ਸਿੱਖਿਆਰਥੀ ਬੱਚੇ ਸਬਰੀਨ ਕੌਰ ਗੈਦੂ, ਪ੍ਰਕਿਰਤੀ ਕੌਰ ਖੁਰਲ , ਸੰਤ ਸਿੰਘ ਝੀਤਾ , ਬਸੰਤ ਸਿੰਘ ਝੀਤਾ ਅਤੇ ਤਨਵੀਰ ਕੌਰ ਝੀਤਾ ਨੇ ਬਹੁਤ ਹੀ ਆਨੰਦਮਈ ਕੀਰਤਨ ਕੀਤਾ ਅਤੇ ਬੀਬੀ ਅਰੋੜਾ ਨੇ ਰਸ ਭਿੰਨਾ ਕੀਰਤਨ ਕਰਕੇ ਆਪਣੀ ਹਾਜ਼ਰੀ ਲਵਾਈ । ਉਪਰੰਤ ਭਾਈ ਗੁਲਜਿੰਦਰ ਸਿੰਘ ਜੀ ਜ਼ੀਰੇ ਵਾਲਿਆਂ ਨੇ ਅਤੇ ਭਾਈ ਗੁਰਪ੍ਰੀਤ ਸਿੰਘ ਗੰਗਾ ਨਗਰ ਵਾਲਿਆਂ ਨੇ ਬਹੁਤ ਹੀ ਭਾਵਪੂਰਕ ਅਤੇ ਰਸਭਿੰਨਾ, ਅਨੰਦਮਈ ਕੀਰਤਨ ਕਰਕੇ ਸੰਗਤਾਂ ਦੇ ਮਨ ਮੋਹੇ ਅਤੇ ਸੰਗਤਾਂ ਵੱਡੀ ਗਿਣਤੀ ਵਿੱਚ , ਰਾਮਗੜ੍ਹੀਆ ਪਰਿਵਾਰ ਤੇ ਮਹਿਮਾਨ ਪਰਿਵਾਰ ਸ਼ਾਮਿਲ ਹੋਏ । ਚਾਹ ਤੇ ਸਨੈਕਸ ਪਕੌੜੇ ਦਾ ਲੰਗਰ , ਸਾਰਾ ਦਿਨ ਚਲਦਾ ਰਿਹਾ । ਇਸ ਕੀਰਤਨ ਦੀ ਸਮਾਪਤੀ ਤੋਂ ਬਾਅਦ ਭਾਈ ਗੁਰਪ੍ਰੀਤ ਸਿੰਘ ਗੰਗਾਨ-ਗਰ ਵਾਲਿਆਂ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਉਪਰੰਤ ਚੇਅਰਮੈਨ ਦਲਜੀਤ ਸਿੰਘ ਗੈਦੂ , ਪ੍ਰਧਾਨ ਜਸਵੀਰ ਸਿੰਘ ਸੈਂਭੀ , ਮਹਿੰਦਰ ਸਿੰਘ ਕੁੰਦੀ ਬਲਜਿੰਦਰ ਸਿੰਘ ਜਗਦਿਓ , ਭੁਪਿੰਦਰ ਸਿੰਘ ਘਟੌੜਾ ਨੇ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਵਧਾਈਆਂ ਦਿੱਤੀਆਂ ਤੇ ਸਟੇਜ ਸਕੱਤਰ ਦੀ ਜਿਮੇਵਾਰੀ ਹਰਦਿਆਲ ਸਿੰਘ ਝੀਤਾ ਨੇ ਬਾਖ਼ੂਬੀ ਨਿਭਾਈ ਅਤੇ ਅੰਤ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ । ਅਗਲੇ ਦਿਨ 8 ਨਵੰਬਰ ਵੀਰਵਾਰ ਨੂੰ ਕਿਰਤ ਦੇ ਦੇਵਤਾ ਬਾਬਾ ਵਿਸ਼ਵਕਰਮਾ ਦਿਵਸ ਬੜੀ ਹੀ ਸ਼ਾਨੋ ਸ਼ੌਕਤ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ ਜਿਸ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਵਿਸ਼ਵਕਰਮਾ ਬੰਸੀ, ਰਾਮਗੜ੍ਹੀਆ ਪਰਿਵਾਰ ਸ਼ਾਮਲ ਹੋਏ ਭਰਵਾਂ ਇਕੱਠ ਸ਼ਰਧਾ ਦਾ ਪ੍ਰਤੀਕ ਸੀ । ਇਸ ਵਿਸ਼ੇਸ਼ ਮੌਕੇ ਇੰਡੀਅਨ ਕੌਂਸਲੇਟ ਜਨਰਲ ਦੇ ਦਫਤਰ ਤੋਂ ਸਰਦਾਰ ਦਵਿੰਦਰ ਪਾਲ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸਨ ਵਿੱਚ ਹੋਰ ਨਾਮਵਰ ਹਸਤੀਆਂ ਵਿੱਚ ਬਰੈਂਪਟਨ ਸ਼ਹਿਰ ਦੇ ਚੁਣੇ ਹੋਏ, ਮੇਅਰ ਮਿਸਟਰ ਪੈਟਰਿਕ ਬ੍ਰਾਊਨ ਅਤੇ ਰੀਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ ਅਤੇ ਐੱਮ ਪੀ ਪੀ ਦੀਪਕ ਆਨੰਦ ਨੇ ਨੇ ਵੀ ਭਾਸ਼ਨ ਵਿੱਚ ਬਾਬਾ ਵਿਸ਼ਵਕਰਮਾ ਜੀ ਦੀ ਪ੍ਰਸੰਸਾ ਕੀਤੀ ਅਤੇ ਪ੍ਰਬੰਧਕਾਂ ਨੂੰ ਇਸ ਮੌਕੇ ਤੇ ਵਧਾਈ ਦਿੱਤੀ ਤੇ ਆਪਣੇ ਵੱਲੋਂ ਹਰ ਕਿਸਮ ਦੀ ਮਦਦ ਦੇਣ ਦਾ ਭਰੋਸਾ ਦਿੱਤਾ । ਪ੍ਰੋਗਰਾਮ ਦਾ ਆਰੰਭ ਬਾਬਾ ਵਿਸ਼ਵਕਰਮਾ ਜੀ ਦੀ ਤਸਵੀਰ ਤੋਂ ਪਰਦਾ ਉਠਾਉਣ ਦੀ ਰਸਮ ਤੋਂ ਹੋਇਆ। ਸਰਦਾਰ ਦਵਿੰਦਰ ਪਾਲ ਸਿੰਘ ਜੀ ਨੇ ਬਾਬਾ ਜੀ ਦੀ ਤਸਵੀਰ ਤੋਂ ਪਰਦਾ ਉਠਾਉਣ ਦੀ ਰਸਮ ਅਦਾ ਕੀਤੀ । ਭਾਈ ਗੁਰਪ੍ਰੀਤ ਸਿੰਘ ਨੇ ਅਰਦਾਸ ਦੀ ਰਸਮ ਨਿਭਾਈ । ਉਪਰੰਤ ਸੰਗਤਾਂ ਨੇ ਬਾਬਾ ਵਿਸ਼ਵਕਰਮਾ ਨੂੰ ਨਤਮਸਤਕ ਹੋ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ । ਆਪਣੇ ਭਾਸ਼ਣ ਵਿੱਚ ਦੇਵਿੰਦਰ ਪਾਲ ਸਿੰਘ ਜੀ ਨੇ ਸ੍ਰੀ ਵਿਸ਼ਵਕਰਮਾ ਜੀ ਦੀ ਸਾਰੀ ਦੁਨੀਆਂ ਨੂੰ ਸੇਧ ਦੇਣ ਲਈ ਧੰਨਵਾਦ ਕੀਤਾ ਅਤੇ ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਨੂੰ ਹਰ ਸਮੇਂ ਕਿਸੇ ਵੀ ਕਿਸਮ ਦੀ ਮਦਦ ਕਰਨ ਲਈ ਵਚਨ ਦਿੱਤਾ । ਰੀਜਨਲ ਕੌਂਸਲਰ ਬਰੈਂਪਟਨ ਦੇ ਗੁਰਪ੍ਰੀਤ ਸਿੰਘ ਢਿੱਲੋਂ ਨੇ ਬਾਬਾ ਜੀ ਦੀਆਂ ਕੀਤੀਆਂ ਖੋਜਾਂ ਅਤੇ ਕੀਤੇ ਕਾਰਨਾਮਿਆਂ ਦੀ ਸਰਾਹਨਾ ਕੀਤੀ ਅਤੇ ਰਾਮਗੜ੍ਹੀਆ ਸਿਖ ਫਾਊਂਡੇਸ਼ਨ ਨੂੰ ਇਸ ਪ੍ਰੋਗਰਾਮ ਕਰਵਾਉਣ ਤੇ ਵਧਾਈ ਵੀ ਦਿੱਤੀ । ਮਿਸਟਰ ਪੈਟਰਿਕ ਬਰਾਊਨ ਚੁਣੇ ਹੋਏ ਮੇਅਰ ਨੇ ਆਪਣੇ ਭਾਸ਼ਣ ਵਿੱਚ ਬਾਬਾ ਵਿਸ਼ਵਕਰਮਾ ਜੀ ਦੀ ਉਸਤਤ ਕੀਤੀ ਅਤੇ ਪ੍ਰਬੰਧਕਾਂ ਨੂੰ ਇਸ ਸਮਾਗਮ ਕਰਵਾਉਣ ਲਈ ਵਧਾਈਆ ਦਿੱਤੀਆਂ ਅਤੇ ਧੰਨਵਾਦ ਵੀ ਕੀਤਾ । ਸਟੇਜ ਸਕੱਤਰ ਦੀ ਜ਼ੁੰਮੇਵਾਰੀ ਹਰਦਿਆਲ ਸਿੰਘ ਝੀਤਾ ਤੇ ਹਰਜਿੰਦਰ ਸਿੰਘ ਝੀਤਾ ਨੇ ਵਧੀਆ ਤਰੀਕੇ ਨਾਲ ਨਿਭਾਈ । ਨਾਮਧਾਰੀ ਦਰਬਾਰ ਦੇ ਮੁਖੀ ਸਰਦਾਰ ਕਰਨੈਲ ਸਿੰਘ ਮਰਵਾਹਾ ਜੀ ਨੇ ਆਪਣੇ ਭਾਸ਼ਣ ਵਿੱਚ ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਨੂੰ ਇਹ ਸਮਾਗਮ ਲਈ ਵਧਾਈ ਦਿੱਤੀ ਅਤੇ ਕਿਹਾ ਜੋ ਕੌਮਾਂ ਆਪਣੇ ਪੁਰਖਿਆਂ ਨੂੰ ਯਾਦ ਰੱਖਦੀਆਂ ਹਨ ਉਹ ਹਮੇਸ਼ਾ ਜਿੰਦਾ ਰਹਿੰਦੀਆਂ ਹਨ । ਸਾਰੇ ਪ੍ਰੋਗਰਾਮਾਂ ਦੇ ਨਾਲ ਨਾਲ ਰਣਜੀਤ ਸਿੰਘ ਲਾਲ ਦੇ ਗਰੁੱਪ ਨੇ ਵਧੀਆ ਢੰਗ ਨਾਲ ਸੰਗੀਤ ਪੇਸ਼ ਕੀਤਾ ਅਤੇ ਵਿਸ਼ਵਕਰਮਾ ਜੀ ਸਬੰਧੀ ਗੀਤ ਗਾ ਕੇ ਸੰਗਤਾਂ ਦਾ ਮਨ ਮੋਹ ਲਿਆ । ਇਸ ਪ੍ਰੋਗਰਾਮ ਵਿੱਚ ਸਰਦਾਰ ਮਹਿੰਦਰ ਸਿੰਘ ਘੜਿਆਲ , ਬਲਜਿੰਦਰ ਸਿੰਘ ਘੜਿਆਲ , ਏਕਮ ਸਿੰਘ ਜੰਡੂ , ਕੁਲਦੀਪ ਸਿੰਘ ਘਟੌੜੇ , ਰਵਿੰਦਰ ਪਾਲ ਸਿੰਘ , ਅਰਵਿੰਦਰ ਸਿੰਘ ਰੂਪਰਾਏ , ਜਸਵਿੰਦਰ ਸਿੰਘ ਭੱਚੂ , ਮਨਜੀਤ ਸਿੰਘ ਭੱਚੂ , ਦਿਲਬਾਗ ਸਿੰਘ ਭੰਮਰਾ , ਬਲਵਿੰਦਰ ਸਿੰਘ ਮਠਾੜੂ , ਸਤਨਾਮ ਸਿੰਘ ਗੈਦੂ ਅਤੇ ਗੁਰਦੀਪ ਸਿੰਘ ਮੋਗਾ ਆਦਿ ਸ਼ਾਮਿਲ ਸਨ । ਅੰਤ ਵਿਚ ਸਾਰੇ ਮਹਿਮਾਨਾਂ ਨੂੰ ਰਾਮਗੜ੍ਹੀਆ ਸਿੱਖ ਫਾਊਡੇਸ਼ਨ ਆਫ਼ ਉਨਟਾਰੀਓ ਵੱਲੋਂ ਵਿਸ਼ੇਸ਼ ਤੌਰ ਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ । ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ । ਦੋਨੋਂ ਪ੍ਰੋਗਰਾਮਾਂ ਵਿੱਚ ਲੰਗਰ ਦੀ ਸੇਵਾ ਤੰਦੂਰੀ ਸੰਗਮ ਰੈਸਟੋਰੈਂਟ ਦੇ ਮਾਲਕ ਭਾਈ ਮਨੀ ਰਾਮ ਜੀ ਵੱਲੋਂ ਕੀਤੀ ਗਈ , ਉਨ੍ਹਾਂ ਦਾ ਵੀ ਫਾਊਂਡੇਸ਼ਨ ਵੱਲੋਂ ਬਹੁਤ ਬਹੁਤ ਧੰਨਵਾਦ ਕੀਤਾ ਗਿਆ । ਅੰਤ ਵਿੱਚ ਫਾਊਂਡੇਸ਼ਨ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਅਤੇ ਪ੍ਰਧਾਨ ਜਸਵੀਰ ਸਿੰਘ ਸੈਂਬੀ ਨੇ ਸਾਰੇ ਮੈਂਬਰ ਸਾਹਿਬਾਨ ਅਤੇ ਸੇਵਾਦਾਰਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਇਨ੍ਹਾਂ ਦੀ ਮਿਹਨਤ ਸਦਕਾ ਹੀ ਦੋਨੋਂ ਪ੍ਰੋਗਰਾਮ ਸਫ਼ਲਤਾ ਪੂਰਵਕ ਸੰਪੰਨ ਹੋਏ ਹਨ । ਆਉਣ ਵਾਲੇ ਪ੍ਰੋਗਰਾਮਾਂ ਤੇ ਹੋਰ ਕਿਸੇ ਜਾਣਕਾਰੀ ਲਈ 416 305 9878 ਸੰਪਰਕ ਕੀਤਾ ਜਾ ਸਕਦਾ ਹੈ ।

# ਪਾਪਾਟੋਏਟੋਏ ਵੈਜ਼ੀ ਗਾਰਡਨ ਕੰਪੀਟੀਸ਼ਨ-2018 'ਚ ਇਸ ਵਾਰ ਸ. ਮਹਾਂਬੀਰ ਸਿੰਘ ਰਹੇ ਉਪਜੇਤੂ

**-ਸ਼ਾਕਾਹਾਰੀ ਭੋਜਨ, ਦਵਾਈ ਕਦੇ ਖਾਧੀ ਨਹੀਂ, ਡਾਕਟਰ ਨਾਂਅ ਕੱਟ ਦਿੰਦੇ ਹਨ, ਫੁੱਲ ਟਾਈਮ ਕੰਮ, ਪਾਠੀ ਸਿੰਘ ਦੀ ਸੇਵਾ ਵੀ, ਥਕਾਵਟ ਨੇੜੇ-ਤੇੜੇ ਨਹੀਂ**



ਔਕਲੈਂਡ 10 ਨਵੰਬਰ (ਹਰਜਿੰਦਰ ਸਿੰਘ ਬਸਿਆਲਾ)-ਵਿਹਲੇ ਬੈਠੇ ਰਹਿਣਾ ਅਤੇ ਵਿਹਲੇ ਸਮੇਂ ਕੁਝ ਕਰਦੇ ਰਹਿਣਾ ਬਹੁਤ ਵੱਡਾ ਫਰਕ ਰੱਖਦਾ ਹੈ। ਜਿਨ੍ਹਾਂ ਦੇ ਖੂਨ ਵਿਚ ਖੇਤੀ ਹੁੰਦੀ ਹੈ ਜਾਂ ਅਜਿਹਾ ਸ਼ੌਕ ਹੁੰਦਾ ਹੈ ਉਹ ਤਾਂ ਥੋੜ੍ਹੀ ਜਿਹੀ ਥਾਂ ਉਤੇ ਖੇਤੀ ਕਰਕੇ ਟਾਊਨ ਦਾ ਮੁਕਾਬਲਾ ਜਿੱਤ ਜਾਂਦੇ ਹਨ। ਸ਼ਰਲੀ ਰੋਡ ਪਾਪਾਟੋਏਟੋਏ ਵਿਖੇ ਪਿਛਲੇ ਚਾਰ ਸਾਲਾਂ ਤੋਂ ਰਹਿ ਰਹੇ ਸ. ਮਹਾਂਬੀਰ ਸਿੰਘ ਨੇ ਘਰ ਦੇ ਵਿਚ ਸਬਜ਼ੀਆਂ ਦੀ ਖੇਤੀ ਕਰਕੇ ਹਰ ਸਾਲ ਕੌਂਸਿਲ ਵੱਲੋਂ ਕਰਵਾਏ ਜਾਂ 'ਪਾਪਾਟੋਏਟੋਏ ਵੈਜੀ ਗਾਰਡਨ' ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਪਿਛਲੇ ਸਾਲ ਉਹ ਜੇਤੂ ਰਹੇ ਸਨ ਅਤੇ ਇਸ ਵਾਰ ਫਿਰ ਉਨ੍ਹਾਂ ਨੇ ਬਹੁਤਿਆਂ ਨੂੰ ਪਛਾੜ ਕੇ 'ਬੈਸਟ ਵੈਜ਼ੀਟੇਬਲ ਗਾਰਡਨ' ਦਾ ਦੂਜਾ ਇਨਾਮ ਪ੍ਰਾਪਤ ਕਰਕੇ ਭਾਈਚਾਰੇ ਦਾ ਨਾਂਅ ਚਮਕਾਇਆ ਹੈ। ਲਗਪਗ 76 ਸਾਲਾਂ ਦੇ ਸ. ਮਹਾਂਬੀਰ ਸਿੰਘ ਆਪਣੇ ਘਰ 'ਚ ਲਗਪਗ 70-80 ਵਰਗ ਮੀਟਰ ਥਾਂ ਵਿਚ ਵਿਭਿੰਨ ਸਬਜ਼ੀਆਂ ਦੀ ਕਾਸ਼ਤ ਕਰਦੇ ਹਨ ਜਿਨ੍ਹਾਂ ਵਿਚ ਪਾਲਕ, ਮੇਥੇ, ਫੁੱਲ ਗੋਭੀ, ਧਨੀਆ, ਬੈਂਗਣ, ਸ਼ਿਮਲਾ ਮਿਰਚ (ਕੈਪਸੀਕਮ), ਕਰੇਲੇ, ਰਾਮਾ ਤੋਰੀ, ਟਮਾਟਰ, ਫਲੀਆਂ, ਕੱਦੂ, ਟਿੰਡਾ, ਹਰੀਆਂ ਮਿਰਚਾਂ, ਪੁਦੀਨਾ, ਲਸਣ, ਮੱਕੀ, ਪਿਆਜ, ਫੈਂਸੀ ਲੈਟਸ, ਹਰਾ ਸਾਗ ਸਮੇਤ ਲਗਪਗ 20 ਸਬਜੀਆਂ ਸ਼ਾਮਿਲ ਹਨ। ਉਹ ਰੋਜ਼ਾਨਾ ਆਪਣਾ ਵਿਹਲਾ ਸਮਾਂ ਇਥੇ ਲਗਾਉਂਦੇ ਹਨ ਜਦ ਕਿ ਬਾਕੀ ਸਮਾਂ ਉਹ ਸ੍ਰੀ ਗੋਪੀ ਹਕੀਮਪੁਰ ਦੇ ਕੀਵੀ ਫਾਰਮ ਹਾਊਸ 'ਚ ਵੀ ਫੁੱਲ ਟਾਈਮ ਜਾਬ ਕਰਦੇ ਹਨ। ਇਸ ਤੋਂ ਇਲਾਵਾ ਉਹ ਗੁਰਦੁਆਰਾ ਦਸਮੇਸ਼ ਦਰਬਾਰ ਵਿਖੇ ਪਾਠੀ ਸਿੰਘ ਦੀ ਸੇਵਾ ਵੀ ਨਿਸ਼ਕਾਮ ਰੂਪ ਵਿਚ ਕਰਦੇ ਹਨ। ਸਰਦਾਰ ਸਾਹਿਬ ਨੇ ਜ਼ਿੰਦਗੀ ਦੇ ਵਿਚ ਸ਼ਾਇਦ ਹੀ ਕਦੀ ਦਵਾਈ ਖਾਧੀ ਹੋਵੇ, ਡਾਕਟਰ ਇਨ੍ਹਾਂ ਦਾ ਨਾਂਅ ਕੱਟ ਦਿੰਦੇ ਹਨ। 35 ਸਾਲ ਤੋਂ ਸਰਦਾਰ ਸਾਹਿਬ ਅੰਮ੍ਰਿਤਧਾਰ ਹਨ।

ਇਹ ਗਾਰਡਨ ਕੰਪੀਟੀਸ਼ਨ ਹਰ ਸਾਲ 'ਪਾਪਾਟੋਏਟੋਏ ਗਾਰਡਨ ਅਤੇ ਫਲੋਰਲ ਆਰਟ ਸੁਸਾਇਟੀ' ਵੱਲੋਂ ਕੌਂਸਿਲ ਦੀ ਮਦਦ ਨਾਲ ਕਰਵਾਇਆ ਜਾਂਦਾ ਹੈ ਅਤੇ ਇਸ ਵਾਰ ਇਹ 16ਵਾਂ ਮੁਕਾਬਲਾ ਸੀ। ਸਾਲ 2015 ਦੇ ਵਿਚ ਵੀ ਸ. ਮਹਾਂਬੀਰ ਸਿੰਘ ਨੂੰ ਦੂਜਾ ਇਨਾਮ ਪ੍ਰਾਪਤ ਹੋਇਆ। ਹੁਣ ਤੱਕ ਦੇ ਇਤਿਹਾਸ ਵਿਚ ਇਹ ਪਹਿਲੇ ਪੰਜਾਬੀ ਵਿਅਕਤੀ ਹਨ ਜਿਹੜੇ ਇਸ ਮੁਕਾਬਲੇ ਵਿਚ ਭਾਗ ਲੈਂਦੇ ਹਨ। ਸ. ਮਹਾਂਬੀਰ ਸਿੰਘ ਜ਼ਿਲ੍ਹਾ ਕਰਨਾਲ ਤੋਂ ਸੰਨ 2014 ਤੋਂ ਇਥੇ ਪੱਕੇ ਤੌਰ 'ਤੇ ਆ ਵਸੇ ਹੋਏ ਹਨ। ਪੰਜਾਬੀ ਕਮਿਊਨਿਟੀ ਵੱਲੋਂ ਉਨ੍ਹਾਂ ਨੂੰ ਇਸ ਉਪਲਬਧੀ ਲਈ ਲੱਖ-ਵੱਖ ਵਧਾਈ ਦਿੱਤੀ ਜਾਂਦੀ ਹੈ।

# ਤੇਜ਼ ਲਾਈਟਾਂ ਅੱਖਾਂ ਵਿੱਚ ਪੈਣ ਨਾਲ ਸਾਬਕਾ ਫੌਜੀ ਜਵਾਨ ਪੁਲ ਤੋਂ ਹੇਠਾਂ ਡਿੱਗਿਆ

ਜਲੰਧਰ, 12 ਨਵੰਬਰ (ਪੋਸਟ ਬਿਊਰੋ)- ਫੌਜ ਤੋਂ ਰਿਟਾਇਰਡ 45 ਸਾਲਾ ਜਵਾਨ ਚੁਗਿੱਟੀ ਫਲਾਈਓਵਰ ਤੋਂ ਹੇਠਾਂ ਡਿੱਗ ਗਿਆ। ਉਸ ਨੂੰ ਐਂਬੂਲੈਂਸ ਦੀ ਮਦਦ ਨਾਲ ਸਿਵਲ ਹਸਪਤਾਲ ਭਰਤੀ ਕਰਾਇਆ ਗਿਆ ਜਿੱਥੇ ਉਸ ਦੇ ਘਰ ਵਾਲੇ ਉਸ ਨੂੰ ਰੈਫਰ ਕਰਾ ਕੇ ਨਿੱਜੀ ਹਸਪਤਾਲ ਵਿੱਚ ਲੈ ਗਏ ਤੇ ਓਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸੁਖਦੇਵ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਬੁੱਲੋਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ।

ਇਸ ਕੇਸ ਦੀ ਜਾਂਚ ਕਰ ਰਹੇ ਥਾਣਾ ਰਾਮਾ ਮੰਡੀ ਦੇ ਏ ਐਸ ਆਈ ਭਗਵੰਤ ਸਿੰਘ ਨੇ ਦੱਸਿਆ ਕਿ ਸੁਖਦੇਵ ਸਿੰਘ ਪੈਦਲ ਚੁਗਿੱਟੀ ਫਲਾਈਓਵਰ ਤੋਂ ਨਿਕਲ ਰਿਹਾ ਸੀ ਕਿ ਇਸੇ ਦੌਰਾਨ ਅੱਗੇ ਤੋਂ ਆਏ ਵਾਹਨ ਦੀਆਂ ਲਾਈਟਾਂ ਉਸ ਦੀਆਂ ਅੱਖਾਂ ਵਿੱਚ ਪੈਣ ਨਾਲ ਉਹ ਸੰਤੁਲਨ ਵਿਗੜਨ ਕਾਰਨ ਪੁਲ ਤੋਂ ਹੇਠਾਂ ਡਿੱਗ ਗਿਆ। ਮ੍ਰਿਤਕ ਆਰਮੀ ਤੋਂ ਰਿਟਾਇਰਮੈਂਟ ਪਿੱਛੋਂ ਪ੍ਰਾਈਵੇਟ ਸਰਵਿਸ ਕਰਦਾ ਸੀ।

ਏਸੇ ਦੌਰਾਨ ਇੱਕ ਹੋਰ ਹਾਦਸੇ ਵਿੱਚ 28 ਤੋਂ 30 ਸਾਲਾ ਮੋਟਰ ਸਾਈਕਲ ਸਵਾਰ ਦੋ ਦੋਸਤ ਜਲੰਧਰ-ਨੂਰਮਹਿਲ ਰੋਡ 'ਤੇ ਪਿੰਡ ਕੰਗਣੀਵਾਲ ਨੇੜੇ ਰਾਤ ਹੋਏ ਸੜਕ ਹਾਦਸੇ ਵਿੱਚ ਜ਼ਖਮੀ ਹੋ ਗਏ ਅਤੇ ਇੱਕ ਦੀ ਮੌਕੇ 'ਤੇ ਮੌਤ ਹੋ ਗਈ। ਜੰਡਿਆਲਾ ਮੰਜਕੀ ਪੁਲਸ ਚੌਕੀ ਦੇ ਮੁਖੀ ਐਸ ਆਈ ਮੇਜਰ ਸਿੰਘ ਰਿਆੜ ਨੇ ਦੱਸਿਆ ਕਿ ਕਿਸੇ ਅਣਪਛਾਤੇ ਵਾਹਨ ਨੇ ਉਕਤ ਨੌਜਵਾਨਾਂ ਦੇ ਮੋਟਰ ਸਾਈਕਲ ਨੂੰ ਟੱਕਰ ਮਾਰੀ ਤਾਂ ਉਹ ਬਿਜਲੀ ਦੇ ਖੰਭੇ ਵਿੱਚ ਜਾ ਲੱਗਾ। ਮ੍ਰਿਤਕ ਦੀ ਪਛਾਣ ਅਮਿਤ ਕੁਮਾਰ ਪੁੱਤਰ ਜਸਪਾਲ ਸਿੰਘ ਪਿੰਡ ਬੰਬੀਆਂਵਾਲ ਥਾਣਾ ਸਦਰ ਜਲੰਧਰ ਵਜੋਂ ਹੋਈ ਹੈ, ਜਦ ਕਿ ਜ਼ਖਮੀ ਅਜੈ ਕੁਮਾਰ ਵਾਸੀ ਪਿੰਡ ਧੀਣਾ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Jobs Jobs Jobs

General Labour/ Drivers/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ



# ਸੰਪਾਦਕੀ

## ਸੋਸ਼ਲ ਮੀਡੀਆ ਅਤੇ ਕੈਨੇਡੀਅਨ ਸਿਆਸਤਦਾਨ

ਵਿਸ਼ਵ ਜੰਗ ਦੀ ਸਮਾਪਤੀ ਦੀ 100ਵੀਂ ਵਰ੍ਹੇ ਗੰਢ ਦੇ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਪੈਰਿਸ, ਫਰਾਂਸ ਪੁੱਜੇ ਹੋਏ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਰਕਾਰੀ ਪ੍ਰਸ਼ਾਸ਼ਨ ਵਿੱਚ ਤਕਨਾਲੋਜੀ ਦੇ ਰੋਲ ਬਾਰੇ ਆਯੋਜਿਤ GovTech summit (ਗਵ-ਟੈਕ ਸਿਖਰ ਸੰਮੇਲਨ) ਨੂੰ ਕੱਲ ਸੰਬੋਧਨ ਕਰਦੇ ਹੋਏ ਇੱਕ ਮਹੱਤਵਪੂਰਣ ਟਿੱਪਣੀ ਕੀਤੀ। ਉਹਨਾਂ ਕਿਹਾ ਕਿ ਸਿਆਸਤਦਾਨਾਂ ਨੂੰ ਆਪਣੇ ਸੋਸ਼ਲ ਮੀਡੀਆ ਹੁਨਰਾਂ ਨੂੰ ਸੁਧਾਰਨਾ ਚਾਹੀਦੀ ਹੈ। ਟਰੂਡੋ ਮੁਤਾਬਕ ਬਹੁਤ ਸਿਆਸਤਦਾਨ ਅਜਿਹੇ ਹਨ ਜਿਹੜੇ ਟਵਿੱਟਰ ਵਰਗੇ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਲੋਕਾਂ ਨੂੰ ਦੁਫਾੜ ਕਰਨ ਅਤੇ ਵਿਵਾਦ ਖੜੇ ਕਰਨ ਲਈ ਵਰਤਦੇ ਹਨ। ਬੇਸ਼ੱਕ ਉਹਨਾਂ ਨਾਮ ਨਹੀਂ ਲਿਆ ਪਰ ਟਰੂਡੋ ਹੋਰਾਂ ਦਾ ਨਿਸ਼ਾਨਾ ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਸੀ। ਡੋਨਾਲਡ ਟਰੰਪ ਟਵਿੱਟਰ ਹੈਂਡਲ ਨੂੰ ਹਥਿਆਰ ਵਾਗੂੰ ਵਰਤ ਕੇ ਆਪਣੇ ਸਮਰੱਥਕਾਂ ਨਾਲ ਰਾਬਤਾ ਕਾਇਮ ਰੱਖਣ ਦਾ ਮਾਹਰ ਹੈ।

ਵਿਸ਼ਵ ਜੰਗ ਦੀ 100ਵੀਂ ਵਰ੍ਹੇ ਗੰਢ ਸਮਾਗਮਾਂ ਦੌਰਾਨ ਆਪਣੇ ਭਾਸ਼ਣ ਵਿੱਚ ਵੀ ਪ੍ਰਧਾਨ ਮੰਤਰੀ ਟਰੂਡੋ ਨੇ ਕਿਹਾ ਸੀ ਕਿ ਅੱਜ ਦੇ ਜ਼ਮਾਨੇ ਵਿੱਚ ਸੰਸਾਰ ਅਮਨ ਨੂੰ ਸਭ ਤੋਂ ਵੱਧ ਖਤਰਾ ਰਾਸ਼ਟਰਵਾਦੀ ਸਿਆਸਤਦਾਨਾਂ ਤੋਂ ਹੈ। ਚੇਤੇ ਰਹੇ ਕਿ ਟਰੰਪ ਨੇ ਨਾਫਟਾ ਸੰਧੀ ਨੂੰ ਸਹੀ ਕਰਨ ਦੇ ਦੌਰ ਸਮੇਤ ਪਿਛਲੇ ਦਿਨਾਂ ਵਿੱਚ ਰਾਸ਼ਟਰਵਾਦੀ ਸੁਰ ਨੂੰ ਕਾਫੀ ਉੱਚਾ ਰੱਖਿਆ ਸੀ।

ਸੋਸ਼ਲ ਮੀਡੀਆ ਬਾਰੇ ਸਿਆਸਤਦਾਨਾਂ ਨੂੰ ਮੱਤ ਦੇਣ ਵੇਲੇ ਟਰੂਡੋ ਹੋਰੀਂ ਸ਼ਾਇਦ ਹੀ ਭੁੱਲ ਗਏ ਕਿ ਕੈਨੇਡਾ ਦਾ ਸਭ ਤੋਂ ਵੱਡਾ ਟਵਿੱਟਰ ਬਲੰਡਰ ਖੜਾ ਕਰਨ ਦਾ ਸਿਹਰਾ ਉਹਨਾਂ ਦੇ ਆਪਣੇ ਸਿਰ ਬੱਝਦਾ ਹੈ। 27 ਜਨਵਰੀ 2017 ਨੂੰ ਕੀਤਾ ਉਹਨਾਂ ਦਾ ਉਹ ਟਵਿੱਟਰ ਅਮਰ ਹੋ ਚੁੱਕਾ ਹੈ ਜਿਸ ਵਿੱਚ ਉਹਨਾਂ ਕਿਹਾ ਸੀ, "ਜੋ ਲੋਕ ਦਮਨ, ਆਤੰਕਵਾਦ ਅਤੇ ਜੰਗ ਤੋਂ ਤੰਗ ਆਏ ਹਿਜਰਤ ਕਰ ਰਹੇ ਹਨ, ਕੈਨੇਡੀਅਨ ਉਹਨਾਂ ਦਾ ਸੁਆਗਤ ਕਰਦੇ ਹਨ।"।

ਡੋਨਾਲਡ ਟਰੰਪ ਦੇ ਟਵਿੱਟਰਾਂ ਦੀ ਭਾਸ਼ਾ ਉਸਦੇ ਜਿੱਦੀ ਅਤੇ ਗੁਸੈਲ ਸੁਭਾਅ ਦੀ ਸੂਚਕ ਹੁੰਦੀ ਹੈ ਜਿਸਨੂੰ ਕਿਸੇ ਵੀ ਕੋਣ ਤੋਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਪਰ ਟਰੂਡੋ ਹੋਰਾਂ ਦਾ ਇਹ ਟਵਿੱਟਰ ਆਪਣੇ ਆਪ ਵਿੱਚ ਲੈਂਡ ਮਾਰਕ ਸਾਬਤ ਹੋਇਆ। ਉਹਨਾਂ ਦੇ ਇਸ ਟਵਿੱਟਰ ਦੀ ਮਿਹਰਬਾਨੀ ਕਰਕੇ ਹਜ਼ਾਰਾਂ ਉਹ ਲੋਕ ਅਮਰੀਕਾ ਤੋਂ ਕੈਨੇਡਾ ਆ ਦਾਖਲ ਹੋਏ ਜਿਹਨਾਂ ਨੂੰ ਰਿਫਿਊਜੀ ਹੋਣ ਦੀ ਕੋਈ ਲੋੜ ਨਹੀਂ ਸੀ। ਪਿਛਲੇ 15 ਮਹੀਨਿਆਂ ਵਿੱਚ 26 ਹਜ਼ਾਰ ਤੋਂ ਵੱਧ ਰਿਫਿਊਜੀ ਅਮਰੀਕੀ ਬਾਰਡਰ ਪਾਰ ਕਰਕੇ ਕੈਨੇਡਾ ਆ ਚੁੱਕੇ ਹਨ। ਹੁਣ ਫੈਡਰਲ ਸਰਕਾਰ ਨੇ ਕੈਨੇਡੀਅਨ ਬਾਰਡਰ ਸਿਕਿਊਰਿਟੀ ਏਜੰਸੀ (ਸੀ ਬੀ ਐਸ ਏ) ਨੂੰ ਹੁਕਮ ਕੀਤੇ ਹਨ ਕਿ ਮਾਰਚ 1019 ਤੱਕ 10,000 ਝੂਠੇ ਰਿਫਿਊਜੀ ਕਲੇਮੈਂਟਾਂ ਨੂੰ ਦੇਸ਼ੋਂ ਬਾਹਰ ਕੱਢਿਆ ਜਾਵੇ। ਸੀ ਬੀ ਐਸ ਏ ਆਖ ਰਹੀ ਹੈ ਕਿ ਅਜਿਹਾ ਕਰਨਾ ਸੰਭਵ ਨਹੀਂ ਹੈ ਪਰ ਕੀ ਕੋਈ ਟਵਿੱਟਰ ਹੈ ਜੋ ਕਰਾਮਾਤ ਕਰ ਵਿਖਾਏ?

ਕੋਈ ਸ਼ੱਕ ਨਹੀਂ ਕਿ ਜਸਟਿਨ ਟਰੂਡੋ ਆਪਣੀ ਨਿੱਜੀ ਸਾਖ ਨੂੰ ਵਿਸ਼ਵ ਪਲੇਟਫਾਰਮਾਂ ਉੱਤੇ ਚਮਕਾਉਣ ਲਈ ਤਤਪਰ ਰਹਿੰਦੇ ਹਨ। ਉਹਨਾਂ ਵਿਚ ਉਹ ਹੋਰ ਵਾਲਾ ਮੱਤਾਂ ਦੇਣ ਅਤੇ ਖੁਦ ਨੂੰ ਬਿਹਤਰ ਸਾਬਤ ਕਰਨ ਦਾ ਮਾਦਾ ਵੀ ਭਾਰੂ ਹੈ।

ਸੋਸ਼ਲ ਮੀਡੀਆ ਵਰਤਣ ਦੀ ਜਾਂਚ ਟੋਰੀ ਐਮ ਪੀ ਟੋਨੀ ਕਲੀਮੈਂਟ ਵਰਗਿਆਂ ਨੂੰ ਜਰੂਰ ਸਿੱਖਣੀ ਚਾਹੀਦੀ ਹੈ ਜਿਹੜੇ ਖੁਦ ਦੀਆਂ ਬੇਵਕੂਫੀਆਂ ਕਾਰਣ ਕੌਮੀ ਸੁਰੱਖਿਆ ਨੂੰ ਵੀ ਖਤਰੇ ਵਿੱਚ ਪਾ ਸਕਦੇ ਹਨ। ਟੋਨੀ ਕਲੀਮੈਂਟ ਵਰਗੇ ਸੋਸ਼ਲ ਮੀਡੀਆ ਬੇਵਕੂਫਾਂ ਅਤੇ ਜਸਟਿਨ ਟਰੂਡੋ ਵਰਗੇ ਮੱਤਾਂ ਦੇ ਭੰਡਾਰ ਸਿਆਸਤਦਾਨਾਂ ਨੂੰ ਟੋਰੀ ਐਮ ਪੀ ਅਤੇ ਇੰਮੀਗਰੇਸ਼ਨ ਆਲੋਚਕ ਮਿਸ਼ੈਲ ਰੈਂਪੈਲ ਤੋਂ ਸਬਕ ਸਿੱਖਣ ਦੀ ਲੋੜ ਹੈ। 2016 ਵਿੱਚ ਮਿਸ਼ੈਲ ਨੇ 40 ਸਾਲਾ ਡਾਮਾਨੀ ਸਕੀਨ (Damany Skeene) ਨਾਮਕ ਵਿਅਕਤੀ ਵਿਰੁੱਧ ਮੁਕੱਦਮਾ ਕਰਕੇ 6 ਮਹੀਨੇ ਦੀ ਜੇਲ੍ਹ ਕਰਵਾਈ। ਡਾਮਾਨੀ 35 ਸਾਲਾ ਮਿਸ਼ੈਲ ਨੂੰ ਟਵਿੱਟਰ ਉੱਤੇ ਸੈਕਸੂਅਲ ਟੋਨ ਨਾਲ ਲਬਰੇਜ਼ ਮੈਸੇਜ ਭੇਜਣ ਤੋਂ ਨਹੀਂ ਸੀ ਟਲ ਰਿਹਾ। ਮਿਸ਼ੈਲ ਨੇ ਬਿਨਾ ਕਿਸੇ ਅਖਬਾਰ ਜਾਂ ਟੀ ਵੀ ਚੈਨਲ ਵਿੱਚ ਚਰਚਾ ਦਾ ਵਿਸ਼ਾ ਬਣਨ ਤੋਂ ਇਸ ਮਾਮਲੇ ਨੂੰ ਅਦਾਲਤ ਵਿੱਚ ਚੁੱਪਚਾਪ ਲੜਿਆ ਅਤੇ ਜਿੱਤ ਹਾਸਲ ਕੀਤੀ। ਹਾਲਾਂਕਿ ਸਿਆਸੀ ਮਾਮਲਿਆਂ ਵਿੱਚ ਸੋਸ਼ਲ ਮੀਡੀਆ ਦਾ ਇਸਤੇਮਾਲ ਕਰਨ ਵਾਲੀ ਉਹ ਇੱਕ ਸਿਤਾਰਾ ਸਿਆਸਤਦਾਨ ਆਖੀ ਜਾ ਸਕਦੀ ਹੈ।

ਪੈਰਿਸ ਵਰਗੇ ਅੰਤਰਰਾਸ਼ਟਰੀ ਪਲੇਟਫਾਰਮ ਤੋਂ ਅਸਿੱਧੇ ਢੰਗ ਨਾਲ ਡੋਨਾਲਡ ਟਰੰਪ ਨੂੰ ਮੱਤਾਂ ਦੇ ਕੇ ਟਰੂਡੋ ਹੋਰਾਂ ਨੇ ਕੀ ਖੱਟਿਆ ਹੋਵੇਗਾ? ਸਿਵਾਏ ਇਸਦੇ ਕਿ ਅਜਿਹੇ ਬਿਆਨ ਨਿੱਜੀ ਸ਼ੋਹਰਤ ਜਾਂ ਵੋਟਰ ਲਾਭ ਪ੍ਰਦਾਨ ਕਰ ਸਕਦੇ ਹਨ ਪਰ ਕਿਸੇ ਕਿਸਮ ਦਾ ਕੋਈ ਵੀ ਕੌਮੀ ਲਾਭ ਹਾਸਲ ਹੋਣ ਵਾਲਾ ਨਹੀਂ। ਟਰੂਡੋ ਹੋਰਾਂ ਦਾ ਹਾਲ ਸ਼ਿਵ ਕੁਮਾਰ ਬਟਾਲਵੀ ਦੇ ਗੀਤ ਦੀਆਂ ਸਤਰਾਂ ਵਰਗਾ ਹੈ, 'ਆਪੇ ਨੀਂ ਮੈਂ ਮੱਤਾਂ ਜੋਗੀ ਮੱਤ ਕਿਹੜਾ ਏਸ ਨੂੰ ਦਵੇ'

## ਫੇਸਬੁੱਕ ਵੱਲੋਂ ਅੱਲ੍ਹੜਾਂ ਨੂੰ ਅੱਧਖੜ ਪੁਰਸ਼ਾਂ ਨਾਲ ਦੋਸਤੀ ਦੇ ਸੱਦੇ ਭੇਜਣ ਤੋਂ ਵਿਵਾਦ

ਲੰਡਨ, 12 ਨਵੰਬਰ (ਪੋਸਟ ਬਿਊਰੋ)- ਫੇਸਬੁੱਕ ਅੱਜ ਕੱਲ੍ਹ 13 ਤੋਂ 19 ਸਾਲ ਦੀਆਂ ਕੁੜੀਆਂ ਯਾਨੀ ਅੱਲ੍ਹੜਾਂ ਨੂੰ ਅਧਖੜ ਉਮਰ ਦੇ ਪੁਰਸ਼ਾਂ ਵੱਲ ਫ੍ਰੈਂਡ ਦੇ ਤੌਰ 'ਤੇ ਸੁਜੈਸਟ ਕਰ ਰਿਹਾ ਹੈ। ਇਕ ਮੀਡੀਆ ਰਿਪੋਰਟ 'ਚ ਇਹ ਖੁਲਾਸਾ ਕੀਤਾ ਗਿਆ ਹੈ। ਫੇਸਬੁੱਕ ਦੇ ਇਸ ਟ੍ਰੈਂਡ ਦੀ ਬ੍ਰਿਟੇਨ ਵਿਚ ਬਹੁਤ ਨਿੰਦਾ ਹੋ ਰਹੀ ਹੈ।

ਬੀਤੇ ਸ਼ਨੀਵਾਰ ਨੂੰ ਟੈਲੀਗ੍ਰਾਫ ਵਿਚ ਛਪੀ ਰਿਪੋਰਟ ਮੁਤਾਬਕ ਸੋਸ਼ਲ ਨੈੱਟਵਰਕ ਨਾਲ ਜੁੜਨ ਵਾਲਿਆਂ 13 ਸਾਲ ਤੱਕ ਦੀਆਂ ਕੁੜੀਆਂ ਨੂੰ 300 ਫ੍ਰੈਂਡ ਸੁਜੈਸਟ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਉਹ ਫ੍ਰੈਂਡ ਲਿਸਟ ਵਿਚ ਸ਼ਾਮਲ ਕਰ ਸਕਦੀਆਂ ਹਨ। ਦੱਸੇ ਜਾਣ ਵਾਲੇ ਕੁਝ ਲੋਕ ਅੱਧਖੜ ਉਮਰ ਦੇ ਹੁੰਦੇ ਹਨ ਤੇ ਉਨ੍ਹਾਂ ਦੀ ਪ੍ਰੋਫਾਈਲ 'ਚ ਟਾਪਲੈਸ ਫੋਟੋ ਹੁੰਦੀਆਂ ਹਨ। ਇਸ ਬਾਰੇ ਫੇਸਬੁੱਕ ਨੇ ਕਿਹਾ ਕਿ ਸਾਈਨ ਅਪ ਕਰਨ ਵਾਲਿਆਂ ਅੱਲ੍ਹੜਾਂ ਦੇ ਅਜਿਹੇ ਸਜੈਸ਼ਨ ਦੀ ਕੋਈ ਵਿਸ਼ੇਸ਼ ਪ੍ਰਣਾਲੀ ਨਹੀਂ ਹੁੰਦੀ। ਚਾਈਲਡ ਗਰੂਮਿੰਗ ਸ਼ਬਦ ਦੀ ਵਰਤੋਂ ਭਾਵਕ ਸਬੰਧ ਸਥਾਪਿਤ ਕਰ ਕੇ ਬੱਚਿਆਂ ਦੇ ਯੌਨ ਸ਼ੋਸ਼ਣ ਦੇ ਪ੍ਰਤੀ ਰੋਕਥਾਮ ਦੀ ਕੋਸ਼ਿਸ਼ ਨੂੰ ਘੱਟ ਕਰਨ ਲਈ ਹੁੰਦੀ ਹੈ।

ਇਸ ਦੇ ਸਾਹਮਣੇ ਆਉਣ 'ਤੇ ਬ੍ਰਿਟੇਨ ਦੀ ਨੈਸ਼ਨਲ ਸੋਸਾਇਟੀ ਫਾਰ ਪ੍ਰਿਵੈਂਸ਼ਨ ਆਫ ਕਰੂਏਲਿਟੀ ਟੂ ਚਿਲਡਰਨ ਨੇ ਸੋਸ਼ਲ ਨੈੱਟਵਰਕਿੰਗ ਸਾਈਟ 'ਤੇ ਦੋਸਤ ਬਣਾਉਣ ਦੇ ਸੁਝਾਅ ਰੱਦ ਕਰਨ ਦੀ ਮੰਗ ਕੀਤੀ ਹੈ। ਸੰਗਠਨ ਦੇ ਮੁਖੀ ਐਂਡੀ ਬੁਰੋਜ਼ ਨੇ ਕਿਹਾ ਕਿ ਗਰੂਮਰਸ ਸੋਸ਼ਲ ਨੈੱਟਵਰਕਸ ਸਾਈਟਾਂ 'ਤੇ ਬੱਚਿਆਂ ਦੇ ਫ੍ਰੈਂਡ ਗਰੁੱਪ 'ਚ ਦਖਲ ਦੇ ਰਿਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਕਸਰ ਬੱਚਿਆਂ ਨੂੰ ਲਾਈਵ ਸਟ੍ਰੀਮਿੰਗ ਜਾਂ ਇਨਕ੍ਰਿਪਟਡ ਸਾਈਟਾਂ 'ਤੇ ਲਿਜਾ ਕੇ ਗਰੂਮਰਸ ਉਨ੍ਹਾਂ ਦਾ ਆਸਾਨੀ ਨਾਲ ਯੌਨ ਸ਼ੋਸ਼ਣ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਦਾ ਐਲਗੋਰਿਦਮ ਗਰੂਮਰਸ ਲਈ ਬੱਚਿਆਂ ਤੇ ਉਨ੍ਹਾਂ ਦੇ ਦੋਸਤਾਂ ਨਾਲ ਸੰਪਰਕ ਸਥਾਪਿਤ ਕਰਨ ਦਾ ਆਸਾਨ ਤਰੀਕਾ ਬਣਾ ਰਹੇ ਹਨ। ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਸੋਸ਼ਲ ਮੀਡੀਆ ਦੀ ਇਸ ਸਜੈਸ਼ਨ ਨੂੰ ਬੱਚਿਆਂ ਲਈ ਬੰਦ ਕੀਤਾ ਜਾਵੇ। ਲੰਬੇ ਸਮੇਂ ਤੋਂ ਸੋਸ਼ਲ ਮੀਡੀਆ ਨੈੱਟਵਰਕ ਆਪਣੇ ਪਲੇਟਫਾਰਮਾਂ ਨੂੰ ਬੱਚਿਆਂ ਲਈ ਸੁਰੱਖਿਅਤ ਬਣਾਉਣ 'ਚ ਅਸਫਲ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਲਈ ਹੋਮ ਸੈਕ੍ਰੇਟਰੀ ਨੂੰ ਸਖਤ ਤੇ ਪ੍ਰਭਾਵੀ ਕਦਮ ਚੁੱਕਣੇ ਚਾਹੀਦੇ ਹਨ ਜਾਂ ਪੁਖਤਾ ਕੀਤਾ ਜਾਣਾ ਚਾਹੀਦਾ ਹੈ।

## ਬ੍ਰੈੱਡ ਵਿੱਚ ਚੂਹਾ ਪਾਏ ਜਾਣ 'ਤੇ ਲੋਬਲਾਅ ਨੇ ਮੰਗੀ ਮੁਆਫੀ

...ਪੰਨਾ 1 ਦਾ ਬਾਕੀ

ਮੰਗਲਵਾਰ ਨੂੰ ਇੱਕ ਮਹਿਲਾ ਨੇ ਫੇਸਬੁੱਕ ਉੱਤੇ ਪੋਸਟ ਕੀਤਾ ਕਿ ਨੋ ਫਰਿੱਲਜ਼ ਉੱਤੇ ਉਹ ਕੈਸ਼ ਰਜਿਸਟਰ ਕੋਲ ਸੀ ਜਦੋਂ ਉਸ ਨੇ ਬ੍ਰੈੱਡ ਵਿੱਚ ਜਿਊਂਦਾ ਚੂਹਾ ਵੇਖਿਆ। ਉਸ ਨੇ ਅੱਗੇ ਲਿਖਿਆ ਕਿ ਇਸ ਨਾਲ ਉਸ ਨੂੰ ਕਾਫੀ ਝਟਕਾ ਲੱਗਿਆ ਤੇ ਉਸ ਨੂੰ ਘਿਣ ਵੀ ਆਈ। ਉਸ ਨੇ ਆਖਿਆ ਕਿ ਹੁਣ ਉਹ ਆਪਣੀ ਗਰੌਸਰੀ ਦੀਆਂ ਆਈਟਮਾਂ ਨੂੰ ਹੋਰ ਧਿਆਨ ਨਾਲ ਵੇਖਣ ਲੱਗੀ ਹੈ।

ਗੰਬਜ਼ ਨੇ ਆਖਿਆ ਕਿ ਸਟੋਰ ਥਰਡ ਪਾਰਟੀ ਪੈਸਟ ਕੰਟਰੋਲ ਟੀਮ ਨਾਲ ਰਲ ਕੇ ਹੁਣ ਬੇਕਰੀ ਦੀਆਂ ਚੀਜ਼ਾਂ ਦਾ ਰੋਜ਼ਾਨਾ ਹੋਰ ਚੰਗੀ ਤਰ੍ਹਾਂ ਮੁਆਇਨਾ ਕਰਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਸਟੋਰ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀ ਗੜਬੜੀ ਦੁਬਾਰਾ ਨਾ ਹੋਵੇ। ਅਸੀਂ ਆਪਣੇ ਸਪਲਾਇਰ ਨਾਲ ਇਸ ਦਾ ਸਰੋਤ ਪਤਾ ਲਾਉਣ ਲਈ ਵਚਨਬੱਧ ਹਾਂ।

## ਮੈਰੀਜੁਆਨਾ ਦੇ ਕਾਨੂੰਨੀਕਰਨ ਦੇ ਬਾਵਜੂਦ ਨੌਜਵਾਨ ਸੰਭਲ ਕੇ ਕਰਨ ਇਸਦੀ ਵਰਤੋਂ !

...ਪੰਨਾ 1 ਦਾ ਬਾਕੀ

ਪਰ ਇਹ ਨੌਜਵਾਨਾਂ ਲਈ ਸੁਰੱਖਿਅਤ ਨਹੀਂ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਇਸ ਦੇ ਖਤਰਿਆਂ ਬਾਰੇ ਦੱਸਣਾ ਹੋਵੇਗਾ।

ਅਡਿਕਸ਼ਨਜ਼ ਕਾਉਂਸਲਰ ਜੈਨੀ ਹੈਨਲੋ ਨੇ ਆਖਿਆ ਕਿ ਇਹ ਸਿੱਧ ਹੋ ਚੁੱਕਿਆ ਹੈ ਕਿ 25 ਸਾਲ ਤੱਕ ਹੋਣ ਤੱਕ ਵੀ ਦਿਮਾਗ ਵਿਕਸਤ ਹੁੰਦਾ ਰਹਿੰਦਾ ਹੈ ਤੇ ਅਸੀਂ ਤਾਂ 19 ਸਾਲਾਂ ਦੇ ਨੌਜਵਾਨਾਂ ਨੂੰ ਵੀ ਇਹ ਨਸ਼ਾ ਕਾਨੂੰਨੀ ਤੌਰ ਉੱਤੇ ਵੇਚਣ ਦੀ ਤਿਆਰੀ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ ਸਰਕਾਰ ਪਤਾ ਨਹੀਂ ਕੀ ਸੋਚ ਰਹੀ ਹੈ। ਪਿਛਲੇ ਮਹੀਨੇ ਕੈਨੇਡਾ ਮੈਰੀਜੁਆਨਾ ਨੂੰ ਖਰੀਦਣ, ਉਗਾਉਣ ਤੇ ਇਸ ਦਾ ਸੇਵਨ ਕਰਨ ਦੀ ਇਜਾਜ਼ਤ ਦੇਣ ਵਾਲਾ ਦੂਜਾ ਦੇਸ਼ ਬਣ ਗਿਆ ਹੈ। ਪਰ ਇਸ ਦੇ ਨਾਲ ਹੀ 19 ਜਾਂ 18 ਸਾਲ ਦੀ ਉਮਰ ਤੋਂ ਘੱਟ ਉਮਰ ਦੇ ਕਿਸੇ ਬੱਚੇ ਨੂੰ ਇਹ ਨਸ਼ਾ ਵੇਚਣਾ ਜੁਰਮ ਵੀ ਕਰਾਰ ਦਿੱਤਾ ਗਿਆ ਹੈ। ਪਰ ਇਹ ਸਬੰਧਤ ਪ੍ਰੋਵਿੰਸ ਉੱਤੇ ਨਿਰਭਰ ਕਰੇਗਾ ਕਿ ਅਜਿਹਾ ਕਰਨ ਵਾਲੇ ਨੂੰ 14 ਸਾਲ ਤੱਕ ਦੀ ਸਜ਼ਾ ਦਿੱਤੀ ਜਾਵੇ ਜਾਂ ਇਸ ਤੋਂ ਵੱਧ ਜਾਂ ਘੱਟ। ਇੱਥੇ ਦੱਸਣਾ ਬਣਦਾ ਹੈ ਕਿ ਇਸ ਦੇ ਨਾਲ ਹੀ ਸਰਕਾਰ ਨੇ 83 ਮਿਲੀਅਨ ਡਾਲਰ ਖਰਚ ਕੇ ਜਨਤਾ ਨੂੰ ਇਸ ਦੇ ਖਤਰਿਆਂ ਸਬੰਧੀ ਜਾਣੂ ਕਰਵਾਉਣ ਦਾ ਟੀਚਾ ਵੀ ਮਿਥਿਆ ਹੈ। ਮੈਰੀਜੁਆਨਾ ਦੇ ਕਾਨੂੰਨੀਕਰਨ ਲਈ ਇਨਚਾਰਜ ਮੰਤਰੀ ਤੇ ਟੋਰਾਂਟੋ ਦੇ ਸਾਬਕਾ ਪੁਲਿਸ ਚੀਫ ਬਿੱਲ ਬਲੇਅਰ ਦਾ ਕਹਿਣਾ ਹੈ ਕਿ ਬਹੁਤ ਸਾਰੇ ਨੌਜਵਾਨਾਂ ਨੂੰ ਇਹ ਗਲਤਫਹਿਮੀ ਹੈ ਕਿ ਮੈਰੀਜੁਆਨਾ ਨਾਲ ਕੋਈ ਖਤਰਾ ਨਹੀਂ ਹੋ ਸਕਦਾ, ਇਹ ਆਰਗੈਨਿਕ ਹੈ ਤੇ ਕੁਦਰਤੀ ਹੋਣ ਦੇ ਨਾਲ ਨਾਲ ਇਹ ਦਵਾਈ ਵੀ ਹੈ। ਜਦੋਂ ਤੁਸੀਂ ਲੋਕਾਂ ਨੂੰ ਇਹ ਦੱਸਦੇ ਹੋ ਕਿ ਇਹ ਗਲਤ ਜਾਣਕਾਰੀ ਹੈ ਤੇ ਲੋਕਾਂ ਨੂੰ ਸੋਚ ਸਮਝ ਕੇ ਇਸ ਸਬੰਧ ਵਿੱਚ ਫੈਸਲੇ ਲੈਣੇ ਚਾਹੀਦੇ ਹਨ ਤਾਂ ਉਨ੍ਹਾਂ ਨੂੰ ਇੱਕ ਵਾਰੀ ਤਾਂ ਯਕੀਨ ਨਹੀਂ ਹੁੰਦਾ। ਪਰ ਮਾਪਿਆਂ ਤੇ ਬੱਚਿਆਂ ਨੂੰ ਜਾਗਰੂਕ ਕਰਕੇ ਇਸ ਸਬੰਧ ਵਿੱਚ ਠੋਸ ਕਦਮ ਚੁੱਕੇ ਜਾ ਸਕਦੇ ਹਨ।

## ਮੰਡੀ ਵਿੱਚ ਫਸਲ ਦੀ ਰਾਖੀ ਕਰਦਾ ਕਿਸਾਨ ਪਸ਼ੂ ਨੇ ਮਾਰ ਸੁੱਟਿਆ

ਭੀਖੀ (ਮਾਨਸਾ), 12 ਨਵੰਬਰ (ਪੋਸਟ ਬਿਊਰੋ)- ਦਾਣਾ ਮੰਡੀ ਵਿੱਚ ਝੋਨਾ ਲੈ ਕੇ ਬੈਠੇ ਇਕ ਕਿਸਾਨ ਨੂੰ ਲਾਵਾਰਸ ਪਸ਼ੂ ਨੇ ਚੁੱਕ ਕੇ ਪਟਕ ਦਿੱਤਾ ਤਾਂ ਮੌਕੇ ਉੱਤੇ ਉਸ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਕਿਸਾਨ ਅਜਮੇਰ ਸਿੰਘ ਵਾਸੀ ਵਾਰਡ ਨੰਬਰ ਨੌਂ ਭੀਖੀ ਦਾਣਾ ਮੰਡੀ ਵਿਚ ਝੋਨਾ ਲੈ ਕੇ ਗਿਆ ਸੀ। ਰਾਤ ਨੂੰ ਉਹ ਲਾਵਾਰਸ ਪਸ਼ੂਆਂ ਨੂੰ ਝੋਨੇ ਦੇ ਨੇੜਿਉਂ ਹਟਾ ਰਿਹਾ ਸੀ, ਇਸ ਦੌਰਾਨ ਕਿਸੇ ਪਸ਼ੂ ਨੇ ਹਮਲਾ ਕਰ ਦਿੱਤਾ। ਪਰਵਾਰ ਨੂੰ ਇਸ ਦਾ ਪਤਾ ਸਵੇਰੇ ਲੱਗਾ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਨੇਤਾ ਗੁਰਚਰਨ ਸਿੰਘ ਭੀਖੀ ਅਤੇ ਸੀ ਪੀ ਆਈ ਦੇ ਤਹਿਸੀਲ ਸਕੱਤਰ ਕਾਮਰੇਡ ਰੂਪ ਸਿੰਘ ਨੇ ਕਿਹਾ ਕਿ ਲਾਵਾਰਸ ਪਸ਼ੂ ਜਿੱਥੇ ਖੇਤਾਂ ਵਿੱਚ ਕਿਸਾਨਾਂ ਦੀ ਫਸਲ ਦਾ ਨੁਕਸਾਨ ਕਰਦੇ ਹਨ, ਉਥੇ ਮੰਡੀਆਂ ਵਿੱਚ ਢੇਰੀਆਂ 'ਤੇ ਘੁੰਮਦੇ ਰਹਿੰਦੇ ਹਨ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਸਾਰੀ ਰਾਤ ਜਾਗ ਕੇ ਕੱਟਣੀ ਪੈਂਦੀ ਹੈ। ਥਾਣਾ ਭੀਖੀ ਦੇ ਸਹਾਇਕ ਥਾਣੇਦਾਰ ਨਛੱਤਰ ਸਿੰਘ ਨੇ ਦੱਸਿਆ ਕਿ ਉਕਤ ਕੇਸ ਵਿੱਚ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਦੇ ਬਿਆਨਾਂ ਉੱਤੇ ਕਾਰਵਾਈ ਕੀਤੀ ਗਈ ਹੈ।

## ਤੁਲਸੀ ਗੇਬਾਰਡ ਵੱਲੋਂ ਅਮਰੀਕੀ ਰਾਸ਼ਟਰਪਤੀ ਚੋਣ ਵਿੱਚ ਕੁੱਦਣ ਦੀ ਸੰਭਾਵਨਾ

ਵਾਸ਼ਿੰਗਟਨ, 12 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੀ ਪਹਿਲੀ ਹਿੰਦੂ ਪਾਰਲੀਮੈਂਟ ਮੈਂਬਰ ਤੁਲਸੀ ਗੇਬਾਰਡ ਸਾਲ 2020 ਵਿੱਚ ਹੋਣ ਵਾਲੀ ਰਾਸ਼ਟਰਪਤੀ ਚੋਣ ਲੜਨ ਉੱਤੇ ਵਿਚਾਰ ਕਰ ਰਹੀ ਹੈ। ਤੁਲਸੀ ਦੇ ਕਰੀਬੀ ਅਤੇ ਮਸ਼ਹੂਰ ਭਾਰਤ ਵੰਸ਼ੀ ਡਾ. ਸੰਪਤ ਸ਼ਿਵਾਂਗੀ ਨੇ ਪਿਛਲੇ ਸ਼ੁੱਕਰਵਾਰ ਲਾਸ ਏਂਜਲਸ 'ਚ ਇਕ ਪ੍ਰੋਗਰਾਮ ਦੌਰਾਨ ਇਹ ਦਾਅਵਾ ਕੀਤਾ। ਇਸ ਦੌਰਾਨ 37 ਸਾਲਾ ਤੁਲਸੀ ਗੇਬਾਰਡ ਖੁਦ ਵੀ ਮੌਜੂਦ ਸਨ।

ਸ਼ਿਵਾਂਗੀ ਨੇ ਇਸ ਪ੍ਰੋਗਰਾਮ ਵਿੱਚ ਤੁਲਸੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਹ 2020 ਵਿੱਚ ਅਮਰੀਕਾ ਦੀ ਅਗਲੀ ਰਾਸ਼ਟਰਪਤੀ ਬਣ ਸਕਦੀ ਹੈ। ਉਨ੍ਹਾਂ ਦੇ ਇਸ ਕਥਨ ਦਾ ਪ੍ਰੋਗਰਾਮ ਵਿੱਚ ਮੌਜੂਦ ਲੋਕਾਂ ਨੇ ਉਤਸ਼ਾਹ ਨਾਲ ਸਵਾਗਤ ਕੀਤਾ। ਇਸ ਤੋਂ ਬਾਅਦ ਤੁਲਸੀ ਨੇ ਪ੍ਰੋਗਰਾਮ ਨੂੰ ਸੰਬੋਧਨ ਕੀਤਾ ਪਰ ਉਨ੍ਹਾਂ ਨੇ ਰਾਸ਼ਟਰਪਤੀ ਚੋਣ ਦੀ ਦੌੜ 'ਚ ਸ਼ਾਮਲ ਹੋਣ ਦੀ ਨਾ ਪੁਸ਼ਟੀ ਕੀਤੀ ਅਤੇ ਨਾ ਇਸ ਤੋਂ ਇਨਕਾਰ ਕੀਤਾ। ਤੁਲਸੀ ਦੇ ਕਰੀਬੀ ਲੋਕਾਂ ਦਾ ਕਹਿਣਾ ਹੈ ਕ੍ਰਿਸਮਸ ਤੋਂ ਪਹਿਲਾਂ ਉਹ ਇਸ ਬਾਰੇ ਫੈਸਲਾ ਲੈ ਸਕਦੀ ਹੈ। ਉਹ ਅਤੇ ਉਨ੍ਹਾਂ ਦੀ ਟੀਮ ਆਪਣੀ ਚੋਣ ਮੁਹਿੰਮ ਨੂੰ ਅਸਰਦਾਰ ਬਣਾਉਣ ਲਈ ਅਮਰੀਕਾ 'ਚ ਰਹਿੰਦੇ ਭਾਰਤ ਵੰਸ਼ੀਆਂ ਸਮੇਤ ਸੰਭਾਵਿਤ ਦਾਨ ਕਰਤਾਵਾਂ ਨਾਲ ਸੰਪਰਕ ਕਰ ਰਹੀ ਹੈ। ਤੁਲਸੀ ਜੇ ਰਾਸ਼ਟਰਪਤੀ ਚੋਣ 'ਚ ਉਤਰਨ ਦਾ ਐਲਾਨ ਕਰਦੀ ਹੈ ਤਾਂ ਵਾਈਟ ਹਾਊਸ ਦੀ ਦੌੜ 'ਚ ਸ਼ਾਮਲ ਹੋਣ ਵਾਲੀ ਪਹਿਲੀ ਹਿੰਦੂ ਉਮੀਦਵਾਰ ਹੋਵੇਗੀ। ਚੁਣੇ ਜਾਣ 'ਤੇ ਉਹ ਅਮਰੀਕਾ ਦੀ ਸਭ ਤੋਂ ਨੌਜਵਾਨ ਤੇ ਪਹਿਲੀ ਮਹਿਲਾ ਰਾਸ਼ਟਰਪਤੀ ਹੋਵੇਗੀ।

ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਲਈ ਪਿਛਲੇ ਹਫਤੇ ਹੋਈ ਚੋਣ ਵਿੱਚ ਤੁਲਸੀ ਫਿਰ ਚੁਣੀ ਗਈ ਹੈ। ਇਹ ਉਨ੍ਹਾਂ ਦਾ ਚੌਥਾ ਕਾਰਜਕਾਲ ਹੈ। ਉਹ ਸਾਲ 2012 ਤੋਂ ਇਸ ਸਦਨ ਦੀ ਮੈਂਬਰ ਹਨ। ਉਹ ਅਮਰੀਕਾ 'ਚ ਰਹਿੰਦੇ ਭਾਰਤੀ ਫਿਰਕੇ 'ਚ ਕਾਫੀ ਲੋਕਪ੍ਰਿਆ ਹਨ। ਤੁਲਸੀ ਪਹਿਲੀ ਅਮਰੀਕੀ ਪਾਰਲੀਮੈਂਟ ਮੈਂਬਰ ਹਨ, ਜਿਨ੍ਹਾਂ ਨੇ ਗੀਤਾ ਉੱਤੇ ਹੱਥ ਰੱਖ ਕੇ ਪਾਰਲੀਮੈਂਟ ਮੈਂਬਰੀ ਦੀ ਸਹੁੰ ਚੁੱਕੀ ਸੀ। ਉਹ ਡੈਮੋਕ੍ਰੇਟਿਕ ਪਾਰਟੀ ਦੀ ਕੌਮੀ ਕਮੇਟੀ ਦੀ ਮੀਤ ਪ੍ਰਧਾਨ ਰਹਿ ਚੁੱਕੀ ਹੈ। ਇਸ ਸਮੇਂ ਉਹ ਸਦਨ ਦੀ ਪ੍ਰਭਾਵਸ਼ਾਲੀ ਆਰਮਡ ਸੇਵਾ ਕਮੇਟੀ ਅਤੇ ਵਿਦੇਸ਼ ਮਾਮਲਿਆਂ ਦੀ ਕਮੇਟੀ ਦੀ ਮੈਂਬਰ ਹੈ। ਤੁਲਸੀ ਦੇ ਰਾਸ਼ਟਰਪਤੀ ਚੋਣ 'ਚ ਉਤਰਨ ਦਾ ਦਾਅਵਾ ਕਰਨ ਵਾਲੇ ਡਾ. ਸ਼ਿਵਾਂਗੀ ਰਿਪਬਲਿਕਨ ਪਾਰਟੀ ਨਾਲ ਜੁੜੇ ਹੋਏ ਹਨ। ਸ਼ਿਵਾਂਗੀ ਨੇ ਉਨ੍ਹਾਂ ਲਈ ਉਸ ਸਮੇਂ ਵੀ ਚੰਦਾ ਇਕੱਠਾ ਕੀਤਾ ਸੀ ਜਦੋਂ ਉਹ 2012 ਵਿੱਚ ਪਹਿਲੀ ਵਾਰੀ ਪਾਰਲੀਮੈਂਟ ਪਹੁੰਚਣ ਦੀ ਦੌੜ 'ਚ ਸ਼ਾਮਲ ਹੋਈ ਸੀ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਭਾਰਤ ਵਿੱਚ ਕੌਮਪ੍ਰਸਤੀ ਦੇ ਪਰਦੇ ਹੇਠ ਫਰਜ਼ੀ ਖ਼ਬਰਾਂ ਪਸਾਰਨ ਦਾ ਕੰਮ ਚੱਲਦੈ : ਬੀ ਬੀ ਸੀ

ਲੰਡਨ, 12 ਨਵੰਬਰ, (ਪੋਸਟ ਬਿਊਰੋ)- ਬੀ ਬੀ ਸੀ ਵਲੋਂ ਕੀਤੀ ਇੱਕ ਖੋਜ ਦੇ ਮੁਤਾਬਕ ਭਾਰਤ ਵਿੱਚ ਫਰਜ਼ੀ ਖ਼ਬਰਾਂ-ਸੁਨੇਹਿਆਂ, ਜਿਨ੍ਹਾਂ ਨੂੰ ਕੌਮਪ੍ਰਸਤੀ ਨੇ ਰੇੜ੍ਹਿਆ ਹੁੰਦਾ ਹੈ, ਨੂੰ ਕਈ ਲੋਕ 'ਰਾਸ਼ਟਰ ਨਿਰਮਾਣ' ਦੀ ਸੋਚ ਨਾਲ ਅੱਗੇ ਸ਼ੇਅਰ ਕਰੀ ਜਾਂਦੇ ਹਨ। ਏਦਾਂ ਕਰਨ ਵੇਲੇ ਉਹ ਤੱਥਾਂ ਨੂੰ ਘੋਖਣ ਦਾ ਯਤਨ ਨਹੀਂ ਕਰਦੇ। ਬੀ ਬੀ ਸੀ ਦੀ ਖੋਜ ਰਿਪੋਰਟ ਭਾਰਤ, ਕੀਨੀਆ ਤੇ ਨਾਇਜੀਰੀਆ ਵਿੱਚ ਕੀਤੀ ਵਿਆਪਕ ਖੋਜ ਉੱਤੇ ਅਧਾਰਤ ਹੈ।

ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ਮੁਤਾਬਕ ਟਵਿੱਟਰ ਉੱਤੇ ਫਰਜ਼ੀ ਖ਼ਬਰਾਂ ਦੇ ਸਰੋਤ ਰਲਗੱਡ ਹੋ ਚੁੱਕੇ ਹਨ ਤੇ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤਾਣੇ-ਬਾਣੇ ਦਾ ਪੱਖ ਪੂਰਦੇ ਹਨ। ਰਿਪੋਰਟ ਵਿਚ ਫਰਜ਼ੀ ਖ਼ਬਰਾਂ ਦੇ ਪਾਸਾਰ ਦੀ ਆਮ ਨਾਗਰਿਕ ਦੇ ਪੱਖੋਂ ਜਾਂਚ ਕਰ ਕੇ ਕਿਹਾ ਗਿਆ ਹੈ ਕਿ ਭਾਰਤ ਵਿੱਚ 'ਫਰਜ਼ੀ ਖ਼ਬਰਾਂ ਅਤੇ ਮੋਦੀ-ਪੱਖੀ ਸਿਆਸੀ ਸਰਗਰਮੀ ਇਕ ਦੂਜੇ ਨਾਲ ਰਲਗੱਡ ਹਨ।' ਬੀ ਬੀ ਸੀ ਨੇ ਕਿਹਾ ਉਸ ਦੀ ਇਸ ਪਹਿਲੀ ਛਪੀ ਘੋਖ ਵਿੱਚ ਫਰਜ਼ੀ ਖ਼ਬਰਾਂ ਦੇ ਪਸਾਰੇ ਦਾ ਧੁਰ ਅੰਦਰ ਤਕ ਜਾ ਕੇ ਅਧਿਐਨ ਕੀਤਾ ਗਿਆ ਹੈ ਕਿ ਕਿਵੇਂ ਝੂਠੀਆਂ ਖ਼ਬਰਾਂ ਤੇ ਅਣ-ਅਧਿਕਾਰਤ ਸੂਚਨਾ ਨੂੰ ਐਨਕ੍ਰਿਪਟਿਡ ਚੈਟ ਐਪਸ ਦੇ ਰਾਹੀਂ ਅੱਗੇ ਤੋਂ ਅੱਗੇ ਸ਼ੇਅਰ ਕੀਤਾ ਜਾਂਦਾ ਹੈ।

ਇਸ ਬਾਰੇ ਬੀ ਬੀ ਸੀ ਵਰਲਡ ਸਰਵਿਸ ਦੇ ਡਾਇਰੈਕਟਰ ਜੈਮੀ ਐਂਗਸ ਨੇ ਕਿਹਾ, "ਪੱਛਮ ਵਿੱਚ ਜਿੱਥੇ ਮੀਡੀਆ ਵਿੱਚ ਬਹੁਤੀ ਚਰਚਾ 'ਫਰਜ਼ੀ ਖ਼ਬਰਾਂ' ਦੀ ਹੁੰਦੀ ਹੈ, ਇਹ ਘੋਖ ਇਸ ਦਾ ਠੋਸ ਸਬੂਤ ਹੈ ਕਿ ਬਾਕੀ ਦੁਨੀਆਂ ਵਿੱਚ ਗੰਭੀਰ ਮੁਸ਼ਕਲਾਂ ਉੱਭਰ ਰਹੀਆਂ ਹਨ, ਜਿੱਥੇ ਰਾਸ਼ਟਰ ਨਿਰਮਾਣ ਦੇ ਨਾਂ ਉੱਤੇ ਕਹਾਣੀਆਂ ਸੋਸ਼ਲ ਮੀਡੀਆ ਤੋਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ।" ਇਸ ਜਾਂਚ ਤੋਂ ਖੁਲਾਸਾ ਹੋਇਆ ਹੈ ਕਿ ਭਾਰਤ, ਕੀਨੀਆ ਤੇ ਨਾਇਜੀਰੀਆ ਦੇ ਲੋਕ ਕਿਸੇ ਵੀ ਸੁਨੇਹੇ ਨੂੰ ਇਹ ਸੋਚ ਕੇ ਅੱਗੇ ਸ਼ੇਅਰ ਕਰਦੇ ਹਨ ਕਿ ਕੋਈ ਹੋਰ ਇਸ ਸੁਨੇਹੇ ਦੀ ਸੱਚਾਈ ਨੂੰ ਚੈੱਕ ਕਰ ਲਵੇਗਾ।

## ਰੂਸ, ਚੀਨ ਅਤੇ ਅਮਰੀਕਾ ਤੋਂ ਹੋ ਰਹੇ ਹਨ ਭਾਰਤ ਉੱਤੇ ਸਾਈਬਰ ਹਮਲੇ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਵਿਸ਼ਵ ਪੱਧਰ ਉੱਤੇ ਤਕਨੀਕ ਖੇਤਰ ਵਿਚ ਤੇਜ਼ੀ ਨਾਲ ਉਭਰਦਾ ਭਾਰਤ ਸਾਈਬਰ ਕਰਾਈਮ ਦਾ ਸੌਖਾ ਨਿਸ਼ਾਨਾ ਬਣ ਰਿਹਾ ਹੈ। ਸਾਲ ਦੀ ਪਹਿਲੀ ਛਿਮਾਹੀ ਦੌਰਾਨ ਦੇਸ਼ ਉੱਤੇ ਕੁੱਲ 6.95 ਲੱਖ ਸਾਈਬਰ ਹਮਲੇ ਹੋਏ। ਇਕੱਲੇ ਚੀਨ, ਰੂਸ, ਅਮਰੀਕਾ, ਨੀਦਰਲੈਂਡ ਅਤੇ ਜਰਮਨੀ ਦੇ ਸਾਈਬਰ ਅਪਰਾਧੀਆਂ ਨੇ ਭਾਰਤ ਵਿਚ ਕੁੱਲ 4.3 ਲੱਖ ਸਾਈਬਰ ਹਮਲੇ ਕੀਤੇ। ਇਸ ਦੌਰਾਨ ਭਾਰਤ ਨੂੰ ਆਪਣੇ ਦੇਸ਼ ਵਿਚ ਬੈਠੇ ਸਾਈਬਰ ਅਪਰਾਧੀਆਂ ਦੇ 73 ਹਜ਼ਾਰ ਤੋਂ ਜ਼ਿਆਦਾ ਹਮਲਿਆਂ ਦਾ ਸਾਹਮਣਾ ਕਰਨਾ ਪਿਆ।

ਸਾਈਬਰ ਸੁਰੱਖਿਆ ਨਾਲ ਜੁੜੀ ਫਿਨਲੈਂਡ ਦੀ ਕੰਪਨੀ ਐਫ-ਸਕਿਓਰ ਨੇ ਇਸ ਦਾ ਖੁਲਾਸਾ ਕੀਤਾ ਹੈ ਅਤੇ ਇਸ ਬਾਰੇ ਜਾਰੀ ਕੀਤੀ ਰਿਪੋਰਟ ਵਿਚ ਕਿਹਾ ਹੈ ਕਿ ਰੂਸ ਵੱਲੋਂ ਸਭ ਤੋਂ ਵੱਧ 2,55,589 ਸਾਈਬਰ ਹਮਲੇ ਹੋਏ। ਅਮਰੀਕਾ ਵਿਚ ਬੈਠੇ ਸਾਈਬਰ ਅਪਰਾਧੀਆਂ ਨੇ ਇਸ ਦੌਰਾਨ ਭਾਰਤ ਵਿਚ ਆਪਣੇ ਟੀਚੇ ਨੂੰ 1,03,458 ਵਾਰ ਨਿਸ਼ਾਨਾ ਬਣਾਇਆ। ਚੀਨ ਤੋਂ 42,544, ਨੀਦਰਲੈਂਡ ਤੋਂ 19,619 ਅਤੇ ਜਰਮਨੀ ਤੋਂ 15,330 ਸਾਈਬਰ ਹਮਲੇ ਹੋਏ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

## ਮਣੀਪੁਰ ਮੁਕਾਬਲਾ ਕੇਸ ਵਿੱਚ ਜੱਜਾਂ ਨੂੰ ਸੁਣਵਾਈ ਤੋਂ ਲਾਂਭੇ ਕਰਨ ਦੀ ਅਰਜ਼ੀ ਰੱਦ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਮਣੀਪੁਰ ਦੇ ਕੁਝ ਪੁਲਿਸ ਵਾਲਿਆਂ ਦੀ ਉਹ ਅਰਜ਼ੀ ਰੱਦ ਕਰ ਦਿੱਤੀ ਹੈ, ਜਿਸ ਵਿਚ ਫਰਜ਼ੀ ਮੁਕਾਬਲਾ ਕੇਸ ਦੀ ਸੁਣਵਾਈ ਵਾਲੇ ਜੱਜਾਂ ਨੂੰ ਇਸ ਤੋਂ ਵੱਖ ਹੋਣ ਦੀ ਬੇਨਤੀ ਕੀਤੀ ਗਈ ਸੀ। ਇਸ ਮਾਮਲੇ ਦੀ ਜਾਂਚ ਸੀ ਬੀ ਆਈ ਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਕਰ ਰਹੀ ਹੈ।

ਜਸਟਿਸ ਮਦਨ ਬੀ ਲੋਕੁਰ ਅਤੇ ਜਸਟਿਸ ਯੂ ਯੂ ਲਲਿਤ ਦੀ ਬੈਂਚ ਨੇ ਕਿਹਾ ਕਿ ਐਸ ਆਈ ਟੀ ਵੱਲੋਂ ਇਨ੍ਹਾਂ ਕੇਸਾਂ ਵਿਚ ਕੀਤੀ ਜਾ ਰਹੀ ਜਾਂਚ ਉੱਤੇ ਇਨ੍ਹਾਂ ਪੁਲਿਸ ਵਾਲਿਆਂ ਵੱਲੋਂ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ ਹੈ। ਅਦਾਲਤ ਨੇ ਕਿਹਾ ਕਿ ਨਿਆਂ ਪਾਲਿਕਾ ਅਤੇ ਸੀ ਬੀ ਆਈ ਸੰਸਥਾਂ ਪਵਿੱਤਰਤਾ ਹਰ ਹਾਲ ਵਿਚ ਕਾਇਮ ਰੱਖਣੀ ਚਾਹੀਦੀ ਹੈ। ਪਟੀਸ਼ਨ ਕਰਨ ਵਾਲਿਆਂ ਨੇ ਇਸ ਕੇਸ ਦੀ ਸੁਣਵਾਈ ਕਰਦੇ ਜੱਜਾਂ ਨੂੰ ਇਸ ਤੋਂ ਵੱਖ ਹੋਣ ਦੀ ਬੇਨਤੀ ਕਰਦੇ ਹੋਏ ਪਟੀਸ਼ਨ ਵਿਚ ਦਾਅਵਾ ਕੀਤਾ ਸੀ ਕਿ ਬੈਂਚ ਨੇ ਵਿਸ਼ੇਸ਼ ਜਾਂਚ ਟੀਮ ਦੀ ਚਾਰਜਸ਼ੀਟ ਵਿਚ ਸ਼ਾਮਲ ਕੁਝ ਦੋਸ਼ੀਆਂ ਨੂੰ ਪਹਿਲਾਂ ਆਪਣੀ ਟਿੱਪਣੀ ਵਿਚ ਕਾਤਲ ਕਿਹਾ ਹੈ। ਕੇਂਦਰ ਸਰਕਾਰ ਨੇ ਵੀ 28 ਸਤੰਬਰ ਨੂੰ ਮਣੀਪੁਰ ਪੁਲਿਸ ਮੁਲਜ਼ਮਾਂ ਦੀ ਪਟੀਸ਼ਨ ਦਾ ਸਮਰਥਨ ਕੀਤਾ ਅਤੇ ਸੁਪਰੀਮ ਕੋਰਟ ਦੀ ਟਿਪਣੀ ਬਾਰੇ ਸਵਾਲ ਕੀਤਾ ਸੀ। ਇਸ ਬਾਰੇ ਕੇਂਦਰ ਸਰਕਾਰ ਨੇ ਕਿਹਾ ਸੀ ਕਿ ਇਹ ਅੱਤਵਾਦ ਪ੍ਰਭਾਵਿਤ ਖੇਤਰਾਂ ਵਿਚ ਮੁਹਿੰਮ ਵਿਚ ਲੱਗੇ ਹਥਿਆਰਬੰਦ ਫੋਰਸਾਂ ਅਤੇ ਸੁਰੱਖਿਆ ਮੁਲਜ਼ਮਾਂ ਦੇ ਮਨੋਬਲ ਨੂੰ ਪੂਰੀ ਤਰ੍ਹਾਂ ਨਾਲ ਹਿਲਾ ਦੇਣ ਵਾਲਾ ਹੈ। ਪਟੀਸ਼ਨਰਜ਼ ਨੇ ਸਰਕਾਰ ਦੀਆਂ ਦਲੀਲਾਂ ਨੂੰ ਚੁਣੌਤੀ ਦਿੱਤੀ ਅਤੇ ਕਿਹਾ ਕਿ ਇਹ ਅਦਾਲਤ ਉਨ੍ਹਾਂ ਨੂੰ ਡਰਾਉਣ ਦੀ ਕੋਸ਼ਿਸ਼ ਹੈ, ਜਿਸ ਨੂੰ ਇਸ ਕੇਸ ਵਿਚ ਨਹੀਂ ਸੁਣਿਆ ਜਾ ਸਕਦਾ। ਮਣੀਪੁਰ ਵਿਚ ਕਤਲ ਦੇ 1,528 ਕੇਸਾਂ ਦੀ ਜਾਂਚ ਲਈ ਜਨਹਿਤ ਪਟੀਸ਼ਨ ਤੇ ਸੁਣਵਾਈ ਦੌਰਾਨ ਅਦਾਲਤ ਨੇ ਪਿਛਲੇ ਸਾਲ 14 ਜੁਲਾਈ ਨੂੰ ਇਕ ਐਸ ਆਈ ਟੀ ਬਣਾਈ ਸੀ ਅਤੇ ਇਨ੍ਹਾਂ ਮਾਮਲਿਆਂ ਵਿਚ ਕੇਸ ਦਰਜ ਕਰਨ ਅਤੇ ਜਾਂਚ ਕਰਨ ਦਾ ਹੁਕਮ ਦਿੱਤਾ ਸੀ।



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਟਰਾਂਟੋ ਸੰਨ ਦੀ ਭਾਰਤੀ ਸੰਪਾਦਕ ਬਤਰਾ ਤੋਂ ਕੁਝ ਸਿੱਖਣ ਦੀ ਲੋੜ ਹੈ



ਸੁਰਜੀਤ ਸਿੰਘ ਫਲੋਰਾ

ਭਾਰਤੀ ਮੂਲ ਦੇ ਲੱਖ ਲੋਕ ਕੈਨੇਡਾ ਵਿਚ ਰਹਿੰਦੇ ਹਨ. ਕਿਉਂਕਿ ਭਾਰਤੀ ਸਭ ਤੋਂ ਪਹਿਲਾਂ ਪਰਵਾਸ ਕਰਨ ਲੱਗ ਪਏ ਸਨ, ਅਤੇ ਲੱਖਾਂ ਲੋਕਾਂ ਨੇ ਕੈਨੇਡਾ ਨੂੰ ਆਪਣਾ ਰਹਿਣ ਵਸੇਰਾ ਬਣਾ ਲਿਆ ਹੈ ਜਿਹਨਾਂ ਵਿਚੋਂ ਬਹੁਤ ਸਾਰੇ ਭਾਰਤ ਤੋਂ ਕੂਚ ਕਰਕੇ ਆਏ ਲੋਕਾਂ ਕੋਲ ਡਾਕਟਰੀ , ਇੰਜੀਨੀਅਰ, ਕੰਪਿਊਟਰ ਮਾਹਿਰ, ਵਿਗਿਆਨੀ, ਪੱਤਰਕਾਰ, ਲੇਖਕ ਦੀ ਡਿਗਰੀ ਹਾਂਸਿਲ ਹੈ , ਪਰ ਫੈਕਟਰੀਆਂ, ਵੇਅਰ ਹਾਉਸਾਂ ਵਿਚ ਕੰਮ ਕਰਦੇ ਹਨ, ਪੀਜ਼ਾ ਦੀਆਂ ਦੁਕਾਨਾਂ ਤੇ, ਟਰੱਕ ਡ੍ਰਾਈਵ ਕਰ ਰਹੇ ਹਨ ।

ਇਹ ਸੱਚ ਹੈ ਕਿ, ਇਹ ਇਸ ਲਈ ਹੈ ਕਿਉਂਕਿ ਇਹਨਾਂ ਵਿੱਚੋਂ ਬਹੁਤ ਸਾਰੇ ਪੜ੍ਹੇ ਲਿਖੇ ਲੋਕ ਮੌਕਿਆਂ ਦੀ ਘਾਟ ਕਾਰਨ ਸਮੇਂ ਸਿਰ ਘਰ ਦਾ ਤੋਰੀ ਫੁਲਕਾਂ ਚਲਾਉਣ ਲਈ ਕੰਮ ਨਾ ਮਿਲਣਾ ਆਦਿ ਕਰਕੇ ਜਬਰੀ ਕੋਈ ਰਾਂਹ ਨਾ ਲੱਭਣ ਕਰਕੇ ਆਪਣੇ ਖੇਤਰ, ਆਪਣੀ ਡਿਗਰੀ ਦੀ ਬਲੀ ਦੇ ਕੇ ਜੋ ਵੀ ਸਾਹਮਣੇ ਮਿਲਿਆਂ ਉਹਨਾਂ ਨੇ ਖੁਸ਼ੀ ਖੁਸ਼ੀ ਪ੍ਰਾਪਤ ਕਰਕੇ ਰੋਟੀ ਦਾ ਜਗਾੜ ਬਣਾ ਲਿਆਂ।

ਫਰ ਬਹੁਤ ਸਾਰੇ ਲੋਕ ਉਹ ਵੀ ਹਨ ਜਿਹਨਾਂ ਕੋਲ ਵੱਡੀਆਂ ਵੱਡੀਆਂ ਡਿਗਰੀਆਂ ਤਾਂ ਹਨ ਪਰ ਆਪਣੇ ਆਪ ਤੇ ਭਰੋਸਾ ਨਹੀਂ ਹੈ, ਵਿਸ਼ਵਾਸ ਨਹੀਂ ਹੈ।ਉਹ ਬਹੁਤ ਪੜ੍ਹੇ-ਲਿਖੇ ਅਤੇ ਪ੍ਰਤਿਭਾਸ਼ਾਲੀ ਹਨ, ਪਰ ਉਨ੍ਹਾਂ ਦੀਆਂ ਜ਼ਿੰਦਗੀਆਂ ਦੇ ਕੁਝ ਮੌਕੇ 'ਤੇ, ਉਨ੍ਹਾਂ ਨੇ ਉਨ੍ਹਾਂ ਦੇ ਸਵੈ-ਮਾਣ ਨੂੰ ਕਮਜ਼ੋਰ ਕਰਨ ਲਈ ਨਕਾਰਾਤਮਕ ਫੀਡਬੈਕ ਜਾਂ ਪ੍ਰੇਸ਼ਾਨੀ ਵਾਲੀਆਂ ਸਥਿਤੀਆਂ ਅੱਗੇ ਗੁਟਨੇ ਟੇਕ ਦਿੱਤੇ ਹਨ।

ਮੈਂ ਖੁਦ ਕਈ ਸਾਲ ਪੰਜਾਬੀ ਭਾਸ਼ਾ ਦੇ ਅਖਬਾਰਾਂ ਵਿੱਚ ਲਿਖਦਾ ਰਿਹਾ ਅਤੇ ਹੁਣ ਵੀ ਨਿਰੰਤਰ ਲਿਖ ਰਿਹਾ ਹਾਂ। , ਪਰ ਇੱਕ ਦਿਨ ਮੈਂ ਟੋਰਾਂਟੋ ਸੰਨ ਅੰਗਰੇਜੀ ਦਾ ਪੇਪਰ ਚੁਕਿਆਂ। ਜਦੋਂ ਪੰਨੇ ਪਰਤ ਕੇ ਇਸ ਨੂੰ ਪੜ੍ਹ ਰਿਹਾ ਸੀ ਤਾਂ ਸੰਪਾਦਕੀ ਸਟਾਫ ਕਾਲਮ ਤੇ ਆਇਆ- ਅਤੇ ਐਡ੍ਰੀਆਂ ਬੱਤਰਾ ਨਾਂ ਨਾਮ ਦੇਖ ਕੇ ਹੈਰਾਨ ਜਿਹਾ ਹੋਇਆਂ। ਬੱਤਰਾ ਇਕ ਭਾਰਤੀ ਨਾਮ ਹੈ. ਦਿਲਚਸਪ ਵੀ ਲੱਗਿਆਂ ਐ ਹੈਰਾਨੀ ਵੀ ਹੋਈ ਕਿ ਇਕ ਮੁਖ ਧਾਰਾ ਦੇ ਪੇਪਰ ਦੀ ਸੰਪਦਾਕ ਉਹ ਵੀ ਇਕ ਭਾਰਤੀ । ਮੈਂ ਨਾਮ ਨੂੰ ਗੋਗਲ ਸਰਚ ਵਿਚ ਪਾ ਕੇ ਉਸ ਵਾਰੇ ਹੋਰ ਜਾਣਕਾਰੀਹਾਂਸਿਲ ਕੀਤੀ। ਮੈਂ ਮਾਣ ਮਹਿਸੂਸ ਕੀਤਾ ਕਿ ਸਾਡੇ ਭਾਈਚਾਰੇ ਦੀ ਇਕ ਮੈਂਬਰ ਚੋਟੀ ਦੇ ਅੁਹਦੇ ਤੇ ਬੈਰਾਜਮਾਨ ਹੈ, ਮੁੱਖ ਧਾਰਾ ਮੀਡੀਆ ਵਿਚ, ਜਿੱਥੋ ਜ਼ਿਆਦਾਤਰ ਭਾਰਤੀ ਭਾਈਚਾਰਾ ਅਤੇ ਪੱਤਰਕਾਰ ਦੂਰ ਰਹਿੰਦੇ ਹਨ, ਇਸ ਨੂੰ ਸਮਾਜ ਦੇ ਨੇਤਾਵਾਂ ਅਤੇ ਸਰਕਾਰਾਂ ਤੱਕ ਹੀ ਛੱਡ ਦਿੰਦੇ ਹਨ।

ਇਸ ਗੋਗਲ ਖੋਜ ਨੇ ਮੇਰੇ ਲਈ ਇੱਕ ਡੂੰਘੀ ਤਬਦੀਲੀ ਦੀ ਸਪੁਰਦ ਮਨ ਵਿਚ ਲਾਲਸਾ ਜਗਾਈ। ਉਸ ਦਿਨ ਤੋਂ ਮੈਂ ਆਪਣੇ ਮਨ ਵਿਚ ਇਹ ਗੱਲ ਪਾ ਦਿੱਤੀ ਕਿ ਮੈਂ ਐਡ੍ਰੀਅਨ ਬਤਰਾ ਦੀ ਉਦਾਹਰਣ ਤੋਂ ਸਿੱਖਾਂਗਾ. ਮੈਂ ਵੀ ਕੰਮ ਕਰਨ ਅਤੇ ਮੁੱਖ ਧਾਰਾ ਦੀਆਂ ਅਖ਼ਬਾਰਾਂ ਲਈ ਲਿਖਣ ਲਈ ਅਣਥੱਕ ਕੋਸ਼ਿਸ਼ ਕਰਾਂਗਾ।

ਮੈਂ ਇੱਕ ਜਾਂ ਦੋ ਦਿਨ ਨਹੀਂ ਇਕ ਜਾਂ ਦੋ ਮਹੀਨਿਆਂ ਲਈ ਸੰਘਰਸ਼ ਨਹੀਂ ਕਰਦਾ ਰਿਹਾ , ਪਰ ਕਈ ਸਾਲਾਂ ਲਈ ਸੰਘਰਸ਼ ਕਰਦਾ ਰਿਹਾ। ਅੰਗਰੇਜੀ ਵਿਚ ਲਿਖਣਾ ਤੇ ਸੰਨ ਦੇ ਸੰਪਾਦਕ ਨੂੰ ਭੇਜਣਾ , ਪਰ ਕਾਮਯਾਬੀ ਨਾ ਮਿਲਨੀ 2-3 ਸਾਲ ਇਸੇ ਤਰ੍ਹਾਂ ਨਿਕਲ ਗਏ। ਅਪਰੈਲ 2010 ਵਿੱਚ ਮੈਨੂੰ ਟਰਾਂਟੋ ਸੰਨ ਵਿੱਚ ਮੇਰੇ ਪਹਿਲੇ ਕਾਲਮ ਨਾਲ ਦਾਖਲਾ ਮਿਲ ਹੀ ਗਿਆ। ਮੇਰੇ ਸੰਘਰਸ਼ ਦਾ ਕੋਈ ਅੰਤ ਨਹੀਂ ਸੀ, ਕਿਉਂਕਿ ਜਦੋ ਹੀ ਸਹੀ ਸੰਪਾਦਕ ਨਾਲ ਮੇਲ ਮਿਲਾਪ ਹੁੰਦਾ ਤੇ ਉ ਛੱਡ ਕੇ ਚਲੇ ਜਾਂਦਾ ਹਾਂ ਉਹ ਬਦਲ ਦਿੱਤਾ ਜਾਂਦਾ ਮੇਰਾ ਸੰਘਰਸ਼ ਪਹਿਲ ਦਿਨੋਂ ਤੋਂ ਫਿਰ ਸ਼ੁਰੂ ਹੋ ਜਾਂਦਾ। ਜਦੋਂ ਮਿਲ ਜਾਂਦਾ ਫਿਰ ਉਨ੍ਹਾਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕਿ ਮੈਂ ਇਕ ਮੌਲਿਕ ਲੇਖਕ ਹਾਂ ਖੁਦ ਲਿਕਦਾ ਹਾਂ ਤੇ ਇਹ ਮੇਰੇ ਆਪਣੇ ਵਿਚਾਰ ਹਨ। ਮੁਖਧਾਰਾ ਦੇ ਪੇਪਰਾਂ ਲਈ ਲਿਖਣਾ ਕੋਈ ਸੌਖਾ ਕੰਮ ਨਹੀਂ ਜਦੋਂ ਤੱਕ ਤੁਹਾਡੇ ਕੋਲ ਸਾਰੇ ਪਰੂਫ ਨਹੀਂ ਹਨ ਉਦੋਂ ਤੱਕ ਕੁਝ ਵੀ ਲਿਖਣਾ ਵਕਾਰ ਸਮਾਂ ਖਰਾਬ ਕਰਨ ਦੇ ਬਰਾਰਬ ਹੈ।



ਉਦੋਂ ਤੋਂ ਹੀ ਮੇਰੇ ਕਈ ਕਹਾਣੀਆਂ ਟੋਰਾਂਟੋ ਸਨ, ਮਿਸੀਸਾਗਾ ਨਿਊਜ਼, ਬਰੈਂਪਟਨ ਗਾਰਡੀਅਨ ਅਤੇ ਹੋਰ ਬਹੁਤ ਸਾਰੇ ਮੁੱਖਧਾਰਾ ਦੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਈਆਂ। ਪਰ ਮੇਰੇ ਤਜਰਬੇ ਤੋਂ ਇਹ ਤੱਥ ਉਭਰ ਕੇ ਸਾਹ-ਮਣੇ ਆਇਆ ਕਿ ਬਹੁਤ ਵਾਰ ਸਾਡੇ ਰੋਲ ਮਾਡਲ ਸਾਡੇ ਸੁਪਨੇ ਅਤੇ ਮਹੱਤਵਪੂਰਨਤਾਵਾਂ ਨੂੰ ਰੂਪ ਦੇਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਅਸੀਂ ਰੋਜੀ ਰੋਟੀ ਦੀ ਦੋੜ ਵਿਚ ਆਪਣੇ ਕੈਰੀਅਰ ਆਪਣੀਆਂ ਡਿਗਰੀਆਂ ਨੂੰ ਭੁਲਾ ਦਿੰਦੇ ਹਾਂ ਸਿਰਫ ਆਪਣੇ ਆਪ ਤੇ ਵਿਸ਼ਵਾਸ ਦੀ ਘਾਟ ਕਾਰਨ। ਹੋ ਸਕਦਾ ਹੈ ਕਿ ਉਹ ਸੋਚਦੇ ਹੋਣ ਕਿ ਉਹਨਾਂ ਦੇ ਕਿਤੇ ਦੀ ਉਹਨਾਂ ਦੇ ਖੇਤਰ ਦੀਆਂ ਨੌਕਰੀਆਂ, ਉਹਨਾਂ ਦੇ ਹੁਨਰ ਦੀ ਲੋੜ ਨਹੀਂ ਹੈ ਜਾਂ ਉਹ ਕਿਸੇ ਕੈਨੇਡੀਅਨ ਨਾਲੋ ਘੱਟ ਅਹਿਮੀਅਤ ਰੱਖਦੇ ਹੋਣ, ਜਾਣਕਾਰੀ ਰੱਖਦੇ ਹੋਣ।

ਇਹ ਗੱਲ ਠੀਕ ਹੈ ਕਿ ਨਵੇਂ ਦੇਸ਼ ਵਿਚ ਨਵੀ ਭਾਸਾਂ ਕਾਰਨ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਆਪਣਿਆਂ ਡਿਗਰੀਆਂ ਦੀ ਅਹੁਤੀ ਦੇਣਾ, ਆਪਣੇ ਪੜ੍ਹਾਈ ਤੇ ਇੰਨੇ ਪੈਸੇ ਖਰਚ ਕਰਕੇ ਫੈਕਟਰੀਆਂ ਵਿਚ ਹੀ ਧੱਕੇ ਖਾਣੇ ਹਨ ਫਿਰ ਤਾਂ ਅਸੀਂ ਭਾਰਤ ਵਿਚ ਹੀ ਚੰਗੇ ਸੀ।

ਮੇਰੇ ਮੁਤਾਬਿਕ ਹਰਇਕ ਪੜ੍ਹੇ_ਲਿਖੇ ਵਿਆਕਤੀ ਨੂੰ ਆਪਣੇ ਜੀਵਨ ਦਾ ਟੀਚਾ ਮਿਥਣਾ ਚਾਹਿੰਦਾ ਹੈ, ਇਕ ਕੁਝ ਬਨਣ ਦਾ ਸਪਨਾ ਦੇਖਣਾ ਚਾਹਿੰਦਾ ਹੈ। ਫਿਰ ਇਸ ਨੂੰ ਪੂਰਨ ਵਿਸ਼ਵਾਸ ਨਾਲ ਸਕਾਰਤ ਹੁੰਦਾ ਦੇਖਣਾ ਚਾਹਿੰਦਾ ਹੈ। ਇੱਕ ਆਦਰਸ਼ ਚੁਣੋ, ਇਕ ਜ਼ਿੰਦਗੀ ਵਿਚ ਕੁਝ ਬਨਣ ਦਾ ਸੁਪਨਾ ਸਿਰਜੋ, ਜਿਵੇਂ ਮੈਂ ਕੀਤਾ ਸੀ।

ਐਡਰੀਆਂ ਬੱਤਰਾ ਉਹ ਕੈਨੇਡੀਅਨ ਪੱਤਰਕਾਰ ਹੈ ਜੋ ਮਈ 2015 ਤੋਂ ਟੋਰਾਂਟੋ ਸੰਨ ਦੀ ਸੰਪਾਦਕ ਹੈ ਪਰ ਉਸ ਨੂੰ ਵੀ ਸਿਖਰ 'ਤੇ ਪਹੁੰਚਣ ਲਈ ਹਰ ਕਦਮ ਤੇ ਸਖਤ ਮਿਹਨਤ ਕਰਨੀ ਪਈ।

ਬਤਰਾ ਸਸਕੈਚਵਾਨ ਤੋਂ ਹੈ। ਉਸ ਦੇ ਮਾਤਾ-ਪਿਤਾ ਅਧਿਆਪਕ ਸਨ ਜੋ 1967 ਵਿਚ ਭਾਰਤ ਤੋਂ ਕੈਨੇਡਾ ਆਏ ਸਨ। ਥੋੜ੍ਹੀ ਦੇਰ ਬਾਅਦ, ਐਡ੍ਰੀਆਂ ਦਾ ਜਨਮ ਹੋਇਆ ਸੀ।

1991 ਵਿੱਚ ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ ਬੱਤਰਾ ਕੈਨੇਡੀਅਨ ਰਿਜਰਵਜ਼ ਵਿੱਚ ਸ਼ਾਮਲ ਹੋਈ ਜਿੱਥੇ ਉਨ੍ਹਾਂ ਨੇ ਲੈਫਟੀਨੈਂਟ ਦਾ ਦਰਜਾ ਪ੍ਰਾਪਤ ਕੀਤਾ। ਰਾਜਨੀਤਕ ਵਿਗਿਆਨ ਅਤੇ ਜਨਤਕ ਪ੍ਰਸ਼ਾਸਨ ਵਿੱਚ ਯੂਨੀਵਰਸਿਟੀ ਦੀਆਂ ਡਿਗਰੀਆਂ ਹਾਂਸਿਲ ਕਰਨ ਤੋਂ ਬਾਅਦ ਉਹ ਕੈਨੇਡੀਅਨ ਟੈਕਸਪੇਅਰਜ਼ ਫੈਡਰੇਸ਼ਨ ਦੇ ਰਜੀਨਾ ਦਫਤਰ ਵਿੱਚ ਖੋਜਕਰਤਾ ਵਜੋਂ ਸ਼ਾਮਲ ਹੋਈ।

ਉਹ ਅਤੇ ਉਸਦਾ ਪਤੀ 2008 ਵਿਚ ਟੋਰਾਂਟੋ ਆ ਵਸੇ,ਅਤੇ 2010 ਦੇ ਮੇਅਰਲ ਚੋਣਾਂ ਦੌਰਾਨ ਬੱਤਰਾ ਨੇ ਮੇਅਰ ਰੋਬ ਫੋਰਡ ਦੀ ਕਾਮਯਾਬ ਮੁਹਿੰਮ ਦੇ ਸੰਚਾਰ ਡਾਇਰੈਕਟਰ ਵਜੋਂ ਕੰਮ ਕੀਤਾ. ਉਹ ਬਾਅਦ ਵਿਚ ਮੇਅਰ ਦੇ ਦਫਤਰ ਵਿਚ ਸ਼ਾਮਲ ਹੋ ਗਈ, ਜੋ ਇਕ ਸਾਲ ਲਈ ਫੋਰਡ ਦੇ ਪ੍ਰੈਸ ਸਕੱਤਰ ਸਨ. ਜਦੋਂ ਤਕ ਉਹ ਟੋਰਾਂਟੋ ਸੰਨ ਦੇ ਸੰਪਦਾਕੀ ਪੰਨੇ ਦੀ ਸੰਪਦਾਕ ਬਣੀ ।ਉਹ ਸੀ ਐੱਫ ਆਰ ਬੀ ਨਿਊਸਟਾਕ 1010 ਦੇ ਮਿਊਂਸੀਪਲ ਮਾਮਲਿਆਂ ਦੇ ਪੱਤਰਕਾਰ ਵੀ ਬਣੀ ਅਤੇ ਮਿਊਂਸਪਲ ਮਾਮਲਿਆਂ ਬਾਰੇ ਸੰਨ ਵਿੱਚ ਇੱਕ ਕਾਲਮ ਲਿਖੇ.

ਨਵੰਬਰ 2013 ਵਿਚ, ਉਹ ਸੰਨ ਨਿਊਜ਼ ਨੈਟਵਰਕ ਨਾਲ ਜੁੜੇ।

ਬੱਤਰਾ ਮਈ 2015 ਵਿਚ ਟੋਰਾਂਟੋ ਸੰਨ ਦੀ ਸੰਪਦਾਕ ਬਣੀ । ਅੱਜ ਉਹ ਭਾਰਤੀ ਭਾਈਚਾਰੇ ਦਾ ਮਾਣ ਹੈ. ਪਰ ਉਹ ਇਸ ਪਦਵੀ ਤੇ ਐਵੇਂ ਹੀਂ ਨਹੀਂ ਪਹੁੰਚ ਗਈ ਉਸ ਨੇ ਸਖ਼ਤ ਮਿਹਨਤ ਕੀਤੀ ਹੈ - ਅਤੇ, ਸ਼ਾਇਦ ਸਭ ਤੋਂ ਵੱਧ ਮਹੱਤਵਪੂਰਨ ਇਹ ਹੈ ਕਿ ਉਹ ਆਪਣੀਆਂ ਅਤੇ ਆਪਣੀਆਂ ਕਾਬਲੀਅਤਾਂ ਵਿੱਚ ਵਿਸ਼ਵਾਸ ਕਰ ਰਹੀ ਸੀ। ਉਸ ਨੂੰ ਆਪਣੇ ਆਪ ਤੇ ਭਰੋਸਾ ਸੀ।ਇਹ ਸਵੈ-ਵਿਸ਼ਵਾਸ ਮਹੱਤਵਪੂਰਣ ਹੈ ਜੇਕਰ ਅਸੀਂ ਜ਼ਿੰਦਗੀ ਵਿੱਚ ਤਰੱਕੀ ਕੁਝ ਬਨਣਾ ਹੈ ।

ਸਾਨੂੰ ਵੀ ਉਸਦੀ ਉਦਾਹਰਣ ਤੋਂ ਸਿੱਖਣਾ ਚਾਹੀਦਾ ਹੈ ਅਤੇ ਜਿਵੇ ਮੈਂ ਉਸ ਨੂੰ ਰੋਲ ਮਾਡਲ ਬਣਾ ਕੇ ਅੱਗੇ ਪਹੁੰਚਾ ਹਾਂ। ਮੈਂ ਭਾਰਤੀ ਪੱਤਰਕਾਰਾਂ ਅਤੇ ਲੇਖਕਾਂ ਨੂੰ ਤਾਕੀਦ ਕਰਦਾ ਹਾਂ: ਇਹ ਨਾ ਸੋਚੋ ਕਿ ਤੁਸੀਂ ਕਿਸੇ ਨਾਲੋਂ ਘੱਟ ਹੋ. ਤੁਹਾਨੂੰ ਵੀ ਸਕਾਰਾਤਮਕ ਸੋਚਣ ਦੀ ਜ਼ਰੂਰਤ ਹੈ, ਅਤੇ ਆਪਣੇ ਆਤਮ ਵਿਸ਼ਵਾਸ ਨੂੰ ਨਿਰਮਾਣ ਕਰਨ ਦੀ ਜ਼ਰੂਰਤ ਹੈ, ਜੇ ਤੁਸੀਂ ਵੀ ਉੱਪਰਲੇ ਟੇਬਲ ਤੇ ਬੈਠਣਾ ਹੈ।

# ਵਧ ਰਹੇ ਬਿਰਧ ਆਸ਼ਰਮ

-ਡਾ. ਜਗਦੀਸ਼ ਕੌਰ ਵਾਡੀਆ

ਇਕ ਸਮਾਂ ਸੀ ਜਦੋਂ ਘਰ ਦੇ ਬਜ਼ੁਰਗ ਨੂੰ ਘਰ ਦੀ ਛੱਤ ਤੇ ਵਿਹੜੇ ਦਾ ਸ਼ਿੰਗਾਰ ਸਮਝਿਆ ਜਾਂਦਾ ਸੀ, ਉਹ ਗੁਣਾਂ ਦਾ ਖਜ਼ਾਨਾ ਹੁੰਦੇ ਸਨ। ਬਜ਼ੁਰਗਾਂ ਦੇ ਆਦਰ ਸਤਿਕਾਰ ਤੇ ਪ੍ਰਾਹੁਣਚਾਰੀ ਦੀ ਵੱਖਰੀ ਪਛਾਣ ਸੀ। ਬੱਚੇ ਬਜ਼ੁਰਗਾਂ ਤੋਂ ਪੁੱਛੇ ਜਾਂ ਸਲਾਹ ਜਾਂ ਅਸ਼ੀਰਵਾਦ ਲਏ ਬਿਨਾਂ ਘਰੋਂ ਕਦਮ ਨਹੀਂ ਪੁੱਟਦੇ ਸਨ। ਘਰਾਂ ਵਿੱਚ ਮਾਣ ਸਤਿਕਾਰ ਤੇ ਪਿਆਰ ਸਦਕਾ ਬੱਚਿਆਂ ਦਾ ਪਾਲਣ ਪੋਸ਼ਣ ਵਧੀਆ ਹੁੰਦਾ ਸੀ। ਸਾਂਝਾ ਪਰਵਾਰ, ਸਾਂਝੀ ਛੱਤ ਤੇ ਸਾਂਝਾ ਚੁੱਲ੍ਹਾ ਹੁੰਦਾ ਤੇ ਬੱਚੇ ਦਾਦੀ-ਨਾਨੀ ਦੀਆਂ ਬਾਤਾਂ ਸੁਣਦੇ ਕਦੋਂ ਵੱਡੇ ਹੋ ਕੇ ਵਿਆਹੇ ਵੀ ਜਾਂਦੇ, ਪਤਾ ਨਹੀਂ ਸੀ ਲੱਗਦਾ ਅਤੇ ਜ਼ਿੰਦਗੀ ਵਿੱਚ ਉਚੇ ਸੁੱਚੇ ਸੰਸਕਾਰ ਲੈ ਕੇ ਸਮਾਜ ਵਿੱਚ ਸਫਲਤਾ ਨਾਲ ਵਿਚਰਦੇ ਸਨ।

ਅਜੋਕੇ ਅਗਾਂਹ ਵਧੂ ਸਮਾਜ ਦੀ ਸਥਿਤੀ ਬਿਲਕੁਲ ਉਲਟ ਹੈ, ਬੱਚੇ ਆਪਣੇ ਬਜ਼ੁਰਗ ਨੂੰ ਘਰੋਂ ਲਾਂਭੇ ਕਰਨ ਵਿੱਚ ਪੱਛਮੀ ਸੱਭਿਅਤਾ ਦੀਆਂ ਲੀਹਾਂ 'ਤੇ ਤੁਰ ਪਏ ਹਨ। ਪਰਵਾਰ ਟੁੱਟ ਰਹੇ, ਨੂੰਹਾਂ ਧੀਆਂ ਅਦਾਲਤਾਂ ਵਿੱਚ ਧੱਕੇ ਖਾਂਦੀਆਂ, ਬੱਚੇ ਅਨਾਥ ਆਸ਼ਰਮ ਤੇ ਬਜ਼ੁਰਗ ਬਿਰਧ ਆਸ਼ਰਮਾਂ ਵਿੱਚ ਪਨਾਹ ਲੈ ਰਹੇ ਹਨ। ਪਦਾਰਥਕ ਦੌੜ ਹੇਠ ਬਜ਼ੁਰਗਾਂ ਦੀ ਅਣਦੇਖੀ ਤੇ ਬੱਚਿਆਂ ਵੱਲੋਂ ਲਾਪਰਵਾਹੀ ਕਰਨ 'ਤੇ ਬੱਚੇ ਗਲਤ ਰਾਹਾਂ 'ਤੇ ਪੈ ਕੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਮਾਪੇ ਆਰਥਿਕ ਦੌੜ ਵਿੱਚ ਰੁੱਝੇ ਔਲਾਦ ਦੇ ਫਰਜ਼ਾਂ ਤੋਂ ਬੇਮੁੱਖ ਹੋ ਰਹੇ ਹਨ। ਮਾਪੇ ਪੈਸਾ, ਖੁੱਲ੍ਹਾ ਖਰਚ ਕੇ ਬੱਚਿਆਂ ਨੂੰ ਸੁੱਖ ਸੁਵਿਧਾਵਾਂ ਲੋੜ ਤੋਂ ਵੱਧ ਦੇ ਰਹੇ ਹਨ, ਪਰ ਉਨ੍ਹਾਂ ਕੋਲ ਸਮਾਂ ਨਹੀਂ, ਜਿਸ ਦੀ ਬੱਚਿਆਂ ਨੂੰ ਸਭ ਤੋਂ ਵੱਧ ਲੋੜ ਹੈ।

ਦੂਸਰੇ ਪਾਸੇ ਅਜੋਕੀ ਨੌਜਵਾਨ ਪੀੜ੍ਹੀ ਪੱਛਮੀ ਪ੍ਰਭਾਵਾਂ ਹੇਠ ਮਾਪਿਆਂ ਜਾਂ ਬਜ਼ੁਰਗਾਂ ਦੀ ਗੱਲ ਜਾਂ ਨਸੀਹਤ ਮੰਨਣ ਲਈ ਤਿਆਰ ਹੀ ਨਹੀਂ। ਆਜ਼ਾਦ ਮਾਨਸਿਕਤਾ ਕਾਰਨ ਸਲਾਹ ਮਸ਼ਵਰਾ ਉਨ੍ਹਾਂ ਨੂੰ ਪਸੰਦ ਨਹੀਂ, ਪਰ ਉਹ ਭੁੱਲਦੇ ਹਨ ਕਿ ਸਿੱਖਿਆ ਗ੍ਰਹਿਣ ਕਰਨ ਦੇ ਨਾਲ-ਨਾਲ ਤਜ਼ਰਬਾ ਵੀ ਮਾਅਨੇ ਰੱਖਦਾ ਹੈ ਜੋ ਬਜ਼ੁਰਗਾਂ ਕੋਲ ਹੁੰਦਾ ਹੈ। ਬੱਚਿਆਂ ਨੂੰ ਜਵਾਨੀ ਦਾ ਜੋਸ਼ ਕੁਰਾਹੇ ਪਾ ਸਕਦਾ ਹੈ, ਪਰ ਸਮਾਜਿਕ ਮਾਣ ਮਰਿਆਦਾ ਕਾਇਮ ਰੱਖਣ ਲਈ ਜੋਸ਼ ਤੇ ਹੋਸ਼ ਦੋਵੇਂ ਲੋੜੀਂਦੇ ਹਨ। ਜੇ ਮਾਪੇ ਬਜ਼ੁਰਗਾਂ ਤੋਂ ਦੂਰੀ ਬਣਾ ਕੇ ਰੱਖਣਗੇ ਤਾਂ ਬੱਚੇ ਵੀ ਕੱਲ੍ਹ ਨੂੰ ਉਨ੍ਹਾਂ ਨਾਲ ਅਜਿਹਾ ਹੀ ਕਰਨਗੇ। ਬੱਚਿਆਂ ਦੇ ਉਜਲ ਭਵਿੱਖ ਲਈ ਬਜ਼ੁਰਗਾਂ ਨੂੰ ਬੱਚਿਆਂ ਦੇ ਸਿਰ 'ਤੇ ਹੱਥ ਰੱਖਣਾ ਬਹੁਤ ਜ਼ਰੂਰੀ ਹੈ।

ਬਜ਼ੁਰਗ ਆਪਣੀਆਂ ਕਦਰਾਂ ਕੀਮਤਾਂ ਨਾਲ ਜੁੜੇ ਹੁੰਦੇ ਹਨ, ਉਨ੍ਹਾਂ ਨੂੰ ਬਦਲਦੇ ਹਾਲਾਤ ਮੁਤਾਬਕ ਢਾਲਣਾ ਥੋੜ੍ਹਾ ਔਖਾ ਜ਼ਰੂਰ ਹੈ, ਪਰ ਅਸੰਭਵ ਨਹੀਂ। ਉਨ੍ਹਾਂ ਨੂੰ ਪਿਆਰ ਤੇ ਸਤਿਕਾਰ ਨਾਲ ਮੌਕੇ ਮੁਤਾਬਕ ਸਲਾਹ ਮਸ਼ਵਰਾ ਦਿੱਤਾ ਜਾ ਸਕਦਾ ਹੈ, ਗੁੱਸੇ ਨਾਲ ਜਾਂ ਖਿੱਝ ਕੇ ਨਹੀਂ। ਉਨ੍ਹਾਂ ਕੋਲੋਂ ਵੀ ਨੂੰਹਾਂ ਪੁੱਤਰਾਂ ਦੀ ਟੋਕਾਟਾਕੀ ਸਹਿਣ ਨਹੀਂ ਹੁੰਦੀ ਤੇ ਗੁੱਸਾ ਕਰ ਲੈਂਦੇ ਹਨ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝੀਏ ਤੇ ਨਾਲ ਇਹ ਅਹਿਸਾਸ ਵੀ ਕਰੀਏ ਕਿ ਕੱਲ੍ਹ ਨੂੰ ਅਸੀਂ ਵੀ ਇਸੇ ਪੜਾਅ ਵਿੱਚੋਂ ਲੰਘਣਾ ਹੈ। ਜੋ ਆਸਾਂ ਅਸੀਂ ਆਪਣੇ ਬੱਚਿਆਂ ਕੋਲੋਂ ਰੱਖਦੇ ਹਾਂ, ਸਾਡੇ ਮਾਪੇ ਵੀ ਉਹੀ ਉਮੀਦਾਂ ਰੱਖਦੇ ਹਨ। ਆਪਣਾ ਬਚਪਨ ਯਾਦ ਕਰੀਏ ਜਦੋਂ ਸਾਨੂੰ ਮਾਪਿਆਂ ਦੀ ਕਦਮ-ਕਦਮ 'ਤੇ ਲੋੜ ਸੀ ਤੇ ਹੁਣ ਮਾਪਿਆਂ ਨੂੰ ਸਾਡੀ ਲੋੜ ਹੈ।

ਵਿਸ਼ਵ ਭਰ ਵਿੱਚ ਇਕ ਰਵਾਇਤ ਹੈ। ਮਾਤਾ ਦਿਵਸ ਤੇ ਪਿਤਾ ਦਿਵਸ ਮਨਾਉਣ ਦੀ, ਪਰ ਕਿਵੇਂ? ਬੱਚੇ ਸਾਲ ਵਿੱਚ ਇਕ ਵਾਰ ਮਾਪਿਆਂ ਨੂੰ ਫੋਨ ਕਰ ਲੈਂਦੇ ਜਾਂ ਬਿਰਧ ਆਸ਼ਰਮ ਜਾ ਕੇ ਮਿਲ ਆਉਂਦੇ ਹਨ। ਇਹ ਦਿਨ ਮਨਾਉਣ ਤੋਂ ਭਾਵ ਹੈ ਮਾਪਿਆਂ ਦੀਆਂ ਕੁਰਬਾਨੀਆਂ ਤੇ ਪਿਆਰ ਨੂੰ ਯਾਦ ਕਰਨਾ, ਉਨ੍ਹਾਂ ਨੂੰ ਬਣਦਾ ਪਿਆਰ ਤੇ ਸਤਿਕਾਰ ਦੇਣਾ, ਮਾਪੇ ਤੋਹਫੇ ਨਹੀਂ ਮੰਗਦੇ, ਨੇੜਤਾ ਮੰਗਦੇ ਹਨ। ਜੇ ਅਸੀਂ ਆਪਣੇ ਮਾਪੇ ਨਾ ਸੰਭਾਲ ਸਕੇ ਤਾਂ ਸਾਡੇ ਬੱਚੇ ਸਾਨੂੰ ਕੀ ਸੰਭਾਲਣਗੇ?

ਅੱਜ ਲੋੜ ਹੈ ਸਾਂਝੇ ਪਰਵਾਰਾਂ ਦੀ, ਰਿਸ਼ਤਿਆਂ ਦੇ ਨਿੱਘ ਤੇ ਚੰਗੇ ਸੰਸਕਾਰਾਂ ਦੀ, ਜੋ ਬੱਚਿਆਂ ਨੂੰ ਵਿਰਾਸਤ ਵਿੱਚ ਮਿਲਣੇ ਚਾਹੀਦੇ ਹਨ। ਬਿਨਾਂ ਸ਼ੱਕ ਆਰਥਿਕ ਮਜਬੂਰੀ ਸਦਕਾ ਬੱਚਿਆਂ ਨੂੰ ਮਾਪਿਆਂ ਤੋਂ ਦੂਰ ਰਹਿਣਾ ਪੈਂਦਾ ਹੈ, ਕੰਮਕਾਰ ਦੀਆਂ ਸਮੱਸਿਆਵਾਂ ਹਨ, ਸਮੇਂ ਦੀ ਥੁੜ ਹੈ, ਪਰ ਇਹ ਨਾ ਭੁੱਲੀਏ ਕਿ ਸਭ ਤੋਂ ਵੱਡੀ ਲੋੜ ਹੈ, ਨਵੀਂ ਪੀੜ੍ਹੀ ਦੇ ਉਜਲ ਭਵਿੱਖ ਦੀ, ਦੇਖ ਰੇਖ, ਚੰਗੇ ਸੰਸਕਾਰਾਂ ਤੇ ਬੱਚਿਆਂ ਦੇ ਸ਼ਖਸੀ ਵਿਕਾਸ ਦੀ। ਆਪਣੇ ਸੁਆਰਥੀ ਹਿੱਤਾਂ ਕਾਰਨ ਬਜ਼ੁਰਗਾਂ ਦੀ ਅਣਦੇਖੀ ਨਾ ਕਰੀਏ, ਉਨ੍ਹਾਂ ਨੂੰ ਬਿਰਧ ਆਸ਼ਰਮ ਵਿੱਚ ਰੁਲਣ ਲਈ ਨਾ ਛੱਡੀਏ। ਮਾਪੇ ਤਾਂ ਘਰ ਦਾ ਮਾਹੌਲ ਸੁਖਾਵਾਂ ਬਣਾਉਣ, ਰਿਸ਼ਤਿਆਂ ਦੀ ਮਹੱਤਤਾ ਤੋਂ ਜਾਣੂ ਕਰਾਉਣ, ਸਮਾਜਿਕ ਤੇ ਨੈਤਿਕ ਕਦਰਾਂ ਕੀਮਤਾਂ ਨਾਲ ਜੋੜ ਕੇ ਰੱਖਣ ਵਿੱਚ ਸਹਾਈ ਹੁੰਦੇ ਹਨ, ਜਿਸ ਨਾਲ ਨਰੋਏ ਸਮਾਜ ਦੀ ਸਿਰਜਣਾ ਹੋਵੇਗੀ ਤੇ ਬਿਰਧ ਆਸ਼ਰਮਾਂ ਨੂੰ ਠੱਲ੍ਹ ਪਵੇਗੀ।



ਆਮ ਵੇਖਣ ਵਿੱਚ ਆ ਰਿਹਾ ਹੈ ਕਿ ਜਿਹੜੇ ਬਜ਼ੁਰਗ ਘਰ ਪਰਵਾਰ ਵਿੱਚ ਰਹਿ ਵੀ ਰਹੇ ਹਨ, ਉਹ ਇਕੱਲਤਾ ਦਾ ਸੰਤਾਪ ਹੰਢਾ ਰਹੇ ਹਨ। ਘਰ ਵਿੱਚ ਪੁੱਤਰ ਪੈਦਾ ਹੋਣ 'ਤੇ ਮਾਪਿਆਂ ਦੇ ਪੈਰ ਜ਼ਮੀਨ 'ਤੇ ਨਹੀਂ ਟਿਕਦੇ, ਅੱਜ ਉਹੀ ਮਾਪੇ ਬੱਚਿਆਂ ਲਈ ਬੋਝ ਬਣੇ ਹੋਏ ਹਨ। ਗੱਲ-ਗੱਲ 'ਤੇ ਉਨ੍ਹਾਂ ਨੂੰ ਟੋਕਿਆ ਜਾਂਦਾ ਹੈ। ਜਾਇਦਾਦ ਆਪਣੇ ਨਾਂ ਕਰਵਾ ਕੇ ਉਨ੍ਹਾਂ ਨੂੰ ਬਿਰਧ ਆਸ਼ਰਮ ਦਾ ਰਾਹ ਵਿਖਾ ਦਿੱਤਾ ਜਾਂਦਾ ਹੈ। ਉਥੇ ਉਨ੍ਹਾਂ ਨਾਲ ਜੋ ਬਦਸਲੂਕੀ ਹੁੰਦੀ ਹੈ, ਸੁਣ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਅਸਲੀ ਉਮਰ ਹੁੰਦੀ ਹੈ 58 ਸਾਲ ਤੋਂ ਬਾਅਦ, ਜਦੋਂ ਬਜ਼ੁਰਗ ਜ਼ਿੰਮੇਵਾਰੀਆਂ ਤੋਂ ਮੁਕਤ, ਰਿਟਾਇਰ ਹੋਏ ਸੁੱਖ ਦਾ ਸਾਹ ਲੈਣਾ ਚਾਹੁੰਦੇ ਹਨ, ਪਰ ਬੱਚੇ ਉਨ੍ਹਾਂ ਨੂੰ ਪੁਰਾਣਾ ਖੰਡਰ ਸਮਝ ਕੇ ਸਟੋਰ ਵਿੱਚ ਜਾਂ ਪੌੜੀਆਂ ਹੇਠ ਮੰਜਾ ਡਾਹ ਦਿੰਦੇ ਹਨ। ਉਹੀ ਬੱਚੇ ਬਾਹਰ ਸੰਤਾਂ ਮਹਾਤਮਾ ਦੀ ਸੇਵਾ ਕਰਦੇ ਹਨ, ਪਰ ਮਾਪਿਆਂ ਦਾ ਬੁਢਾਪਾ ਰੋਲ ਦਿੰਦੇ ਹਨ। ਨਤੀਜਾ ਇਹ ਕਿ ਕਈ ਬਜ਼ੁਰਗ ਮਾਨਸਿਕ ਸੰਤੁਲਨ ਗੁਆ ਬੈਠਦੇ ਹਨ। ਮੌਤ ਪਿੱਛੋਂ ਉਹੀ ਬੱਚੇ ਲੋਕ ਦਿਖਾਵੇ ਖਾਤਰ ਲੱਖਾਂ ਰੁਪਏ ਖਰਚ ਕੇ ਵੱਡਾ ਸਮਾਗਮ ਕਰਦੇ ਹਨ, ਕਿੰਨੀ ਸ਼ਰਮ ਦੀ ਗੱਲ ਹੈ। ਸਮਾਗਮਾਂ 'ਤੇ ਖਰਚ ਕਰਨ ਦੀ ਬਜਾਏ ਅੱਜ ਲੋੜ ਹੈ ਬਜ਼ੁਰਗਾਂ ਦੀਆਂ ਅਸੀਸਾਂ ਲੈਣ ਦੀ, ਉਨ੍ਹਾਂ ਨੂੰ ਖੁਸ਼ੀਆਂ ਦੀ ਪੈਨਸ਼ਨ ਲਾਉਣ ਦੀ, ਸਰੀਰਕ ਤੰਦਰੁਸਤੀ ਦੇਣ ਦੀ, ਸਤਿਕਾਰਤ ਸ਼ਬਦਾਂ ਦੀ ਵਰਤੋਂ ਦੀ ਅਤੇ ਉਨ੍ਹਾਂ ਕੋਲੋਂ ਦਾਨਿਸ਼ਮੰਦ, ਬੁੱਧੀਮਾਨ ਅਨੁਭਵ ਗ੍ਰਹਿਣ ਕਰਨ, ਸੰਜੀਦਾ ਤੇ ਸੁਚੱਜੀ ਸੁਹਿਰਦ ਸਲਾਹ ਲੈਣ ਦੀ ਤਾਂ ਕਿ ਉਹ ਬੁਢਾਪੇ ਵਿੱਚ ਫੁੱਲਾਂ ਜਿਹੀ ਤਾਜ਼ਗੀ ਮਹਿਸੂਸ ਕਰਨ ਤੇ ਬੱਚਿਆਂ ਲਈ ਅਸੀਸਾਂ ਦੇ ਅੰਬਾਰ ਲਾ ਦੇਣ।

ਇਸ ਸਥਿਤੀ ਵਿੱਚ ਸਰਕਾਰਾਂ ਤੇ ਗੈਰ ਸਰਕਾਰੀ ਸੰਗਠਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਜਿਵੇਂ ਵਿਦੇਸ਼ਾਂ ਵਿੱਚ ਸੀਨੀਅਰ ਸਿਟੀਜ਼ਨ ਕਲੱਬ, ਸੰਸਥਾਵਾਂ ਹਨ, ਕਮਿਊਨਿਟੀ ਕੇਂਦਰ ਹਨ ਜਿਥੇ ਬਜ਼ੁਰਗਾਂ ਦੀ ਇਕੱਲਤਾ ਨੂੰ ਦੂਰ ਕਰਨ ਦੇ ਯਤਨ ਕੀਤੇ ਜਾਂਦੇ ਹਨ। ਇਕੱਲਤਾ ਮੰਤਰਾਲਾ ਬਣਿਆ ਹੋਇਆ ਹੈ, ਜੋ ਬਜ਼ੁਰਗਾਂ ਦਾ ਸਹਾਰਾ ਹੈ। ਸਮੇਂ ਦੇ ਪਰਿਵਰਤਨ ਨਾਲ ਬਜ਼ੁਰਗਾਂ ਦੀ ਸੋਚ ਬਦਲ ਰਹੀ ਹੈ, ਭਾਰਤ ਦੇ ਸ਼ਹਿਰਾਂ ਵਿੱਚ ਸਿਟੀਜ਼ਨ ਕਲੱਬ ਜਾਂ ਸਿਟੀ ਭਲਾਈ ਸੰਸਥਾਵਾਂ ਬਣ ਰਹੀਆਂ ਹਨ, ਜਿਨ੍ਹਾਂ ਦੇ ਮੈਂਬਰ ਸੇਵਾ ਮੁਕਤ ਸਰਕਾਰੀ ਜਾਂ ਗੈਰ ਸਰਕਾਰਾਂ ਮੁਲਾਜ਼ਮ ਹੁੰਦੇ ਹਨ ਜੋ ਪਾਰਕਾਂ ਜਾਂ ਮਨੋਰੰਜਨ ਸਥਾਨਾਂ 'ਤੇ ਜਾ ਕੇ ਬੁਢਾਪੇ ਦਾ ਆਨੰਦ ਮਾਣਦੇ, ਮਹਿਫਲਾਂ ਲੱਗਦੀਆਂ ਹਨ, ਜਨਮ ਦਿਨ ਮਨਾਏ ਜਾਂਦੇ ਤੇ ਸਮਾਜ ਸੁਧਾਰ ਕੈਂਪ ਲਾ ਕੇ ਬਜ਼ੁਰਗਾਂ ਦੇ ਇਕਲਾਪੇ ਨੂੰ ਘਟਾਉਣ ਵਿੱਚ ਯੋਗਦਾਨ ਪਾਉਂਦੇ ਹਨ।

ਅਜੋਕੀ ਨਿਘਾਰ ਦੀ ਸਥਿਤੀ ਵਿੱਚ ਲੋੜ ਹੈ ਸਰਕਾਰਾਂ ਸਖਤੀ ਨਾਲ ਕਦਮ ਚੁੱਕਣ, ਬਜ਼ੁਰਗਾਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਹੋਣ, ਪੈਨਸ਼ਨ ਲੋੜਾਂ ਅਨੁਸਾਰ ਵਧਾਈ ਜਾਏ ਤੇ ਮਨੋਰੰਜਨ ਦੇ ਮੁਫਤ ਕੇਂਦਰ ਹੋਣ। ਟੀ ਵੀ, ਸੋਸ਼ਲ ਮੀਡੀਆ ਤੇ ਬੁੱਧੀਜੀਵੀ ਵਰਗ ਰਲ ਕੇ ਹੰਭਲਾ ਮਾਰਨ ਤਾਂ ਸ਼ਾਇਦ ਬਿਰਧ ਆਸ਼ਰਮਾਂ ਦੀ ਗਿਣਤੀ ਹੋਰ ਨਾ ਵਧੇ। ਬੱਚਿਆਂ ਦਾ ਫਰਜ਼ ਹੈ ਮਾਪਿਆਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਯਾਦ ਰੱਖਣ, ਪੂਰਾ ਸਤਿਕਾਰ ਦੇਣ, ਉਨ੍ਹਾਂ ਦੀਆਂ ਗੱਲਾਂ ਨੂੰ ਸਹਿਜ ਨਾਲ ਲੈਣ। ਪਰਵਾਰਕ ਸ਼ਾਂਤੀ ਲਈ ਬੱਚੇ ਮਾਪਿਆਂ ਨੂੰ ਬਿਰਧ ਆਸ਼ਰਮ ਭੇਜਣ ਤੋਂ ਪਹਿਲਾਂ ਸੌ ਵਾਰ ਸੋਚਣ।

ਬਜ਼ੁਰਗਾਂ ਨੂੰ ਵੀ ਸਲਾਹ ਹੈ ਕਿ ਬੱਚਿਆਂ ਦੀਆਂ ਮਜ਼ਬੂਰੀਆਂ ਸਮਝਣ, ਹਰ ਕੰਮ ਵਿੱਚ ਸਾਥ ਦੇਣ, ਸਬਰ ਸੰਤੋਖ ਤੋਂ ਕੰਮ ਲੈਣ, ਮਿੱਠਾ ਬੋਲਣ, ਠਰ੍ਹੰਮੇ ਨਾਲ ਗੱਲ ਕਹਿਣ, ਟੋਕਾ ਟਾਕੀ ਜਾਂ ਵਾਧੂ ਦੀ ਦਖਲਅੰਦਾਜ਼ੀ ਨਾ ਕਰਨ ਅਤੇ ਆਪਣੇ ਸੋਚ ਨੂੰ ਹਾਲਤ ਮੁਤਾਬਕ ਬਦਲਣ ਤਾਂ ਕਿ ਘਰ ਸਵਰਗ ਬਣਿਆ ਰਹੇ ਤੇ ਬਿਰਧ ਆਸ਼ਰਮਾਂ ਦੀ ਗਿਣਤੀ ਨਾ ਵਧੇ।

General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON

ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:

- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# 'ਮੀ ਟੂ'-ਨਰਸੰਘਾਰ ਦੀ ਇਕ ਸ਼ੁਰੂਆਤ

ਅਜੀਤ ਸਿੰਘ ਰੱਖੜਾ
905 794 7882

ਸੰਸਾਰ ਵਿਚ ਕੁਦਰਤ ਹਮੇਸ਼ਾ ਸੁਧਾਰਵਾਦ ਲਈ ਮਘੁਨਰਹਿੰਦੀ ਹੈ। ਇਨਸਾਨੀ ਖੂਬਸੂਰਤੀ, ਦਿਮਾਗੀ ਵਿਕਾਸ ਅਤੇ ਸੂਝ ਬੂਝ ਪੱਖੋਂ, ਪਿਛਲੀਆ ਕਈ ਸਦੀਆਂ ਨਾਲੋ ਵਧੇਰੇ ਸੁਧਾਰ ਆਇਆ ਹੈ। ਜੀਵ ਉਤਪਤੀ ਵਿਚ ਵੀ ਬਹੁਤ ਬਹੁਤ ਨਿਖਾਰ ਆਇਆ ਹੈ। ਪਿਛਲੇ ਸਮਿਆ ਵਿਚ ਪਾਲਤੂ ਜਾਨਵਰਾਂ ਦੀਆ ਐਨੀਆ ਸੁੰਦਰ ਨਸਲਾ ਨਹੀਂ ਸੀ ਹੁੰਦੀਆਂ ਅਤੇ ਨਾ ਹੀ ਐਨੇ ਸੁੰਦਰ ਫਲ ਫੁੱਲ ਹੁੰਦੇ ਸਨ। ਗੁਲਾਬ ਦਾ ਫੁੱਲ ਤਕਰੀਬਨ ਇਕੋ ਕਿਸਮ ਦਾ ਹੁੰਦਾ ਸੀ ਯਾਨੀ ਗੁਲਾਬੀ ਜਿਸ ਤੋਂ ਗੁਲਾਬੀ ਰੰਗ ਦੀ ਪਹਿਚਾਣ ਬਣੀ ਸੀ ਪਰ ਹੁਣ ਗੁਲਾਬ ਚਿਟੇ ਰੰਗ ਵਿਚ ਵੀ ਹਨ ਅਤੇ ਕਾਲੇ ਚ ਵੀ। ਤਕਰੀਬਨ ਸਤਰੰਗੀ ਪੀਘ ਦੇ ਸਤੋ ਰੰਗਾ ਵਿਚ ਇਹ ਫੁੱਲ ਮਿਲਦੇ ਹਨ।

ਜਿਥੇ ਸੋਹਜ ਅਤੇ ਸੁੰਦਰਤਾ ਵਿਚ ਕੁਦਰਤ ਦਾ ਗਰਾਫ ਉਪਰ ਹੀ ਉਪਰ ਜਾ ਰਿਹਾ ਹੈ ਉਥੇ ਮਾਨਸਿਕ ਕਰੂਪਤਾ ਵਿਚ ਇਨਸਾਨ,ਡੂੰਘੀਆ ਖਾਈਆ ਵਿਚ ਨਿਘਰਦਾ ਜਾ ਰਿਹਾ ਹੈ। ਰਾਜਨੀਤਕ, ਵਿਵਹਾਰਕ ਅਤੇ ਵਿਓਪਾਰਕ ਜਿੰਦਗੀ ਦੀ ਕਰੂਪਤਾ ਹੱਦਾਂ ਬੰਨੇ ਤੋੜੀ ਜਾ ਰਹੀ ਹੈ। ਹੁਣਰਾਜਨੀਤਕ ਲੀਡਰਾਂ ਦੀ ਪਹਿਚਾਣ ਹੀ ਬਦਲ ਗਈ ਹੈ। ਪਹਿਲੀਆ ਵਿਚ ਰਾਜਨੀਤਕ ਬੰਦੇ ਸੂਝਵਾਨ ਲੋਕਾਂ ਵਿਚੋਂ ਸਾਹਮਣੇ ਆਉਂਦੇ ਸਨ ਪਰ ਹੁਣ ਬਦਮਾਸ਼ ਅਤੇ ਖੂਨ ਖਰਾਬੇ ਦੇ ਮਦਈ ਲੀਡਰ ਮੂਹਰੇ ਆ ਰਹੇ ਹਨ। ਧਾਰਮਿਕ ਅਤੇ ਸਮਾਜਕ ਦੁਨੀਆ ਦਾਰੀ ਦਾ ਵੀ ਇਹੀ ਹਾਲ ਹੈ।

ਇਸ ਸਭ ਕਾਸੇ ਮਗਰ ਕਾਰਣ ਪਤਾ ਕੀ ਹੈ? 'ਮਨੁਖੀ ਅਧਿਕਾਰ' ਅਤੇ 'ਮਰਦ ਅਤੇ ਔਰਤ ਦੀ ਬਰਾਬਰਤਾ' ਦੀ ਹੋੜ! ਇਸ ਹੋੜ੍ਹ ਵਿਚ ਬਹੁਤ ਕੁਝ ਕਰੂਪ ਹੋਈ ਜਾ ਰਿਹਾ ਹੈ। ਮਨੁਖੀ ਅਧਿਕਾਰ ਜਾਂ ਬੋਲਣ ਅਧਿਕਾਰ ਨਾਲ ਬਕਵਾਸਬਾਜੀ ਕਰੀ ਜਾਣ ਦੀ ਖੁਲ, ਭੰਡੀ ਪ੍ਰਚਾਰ ਦੀ ਖੁਲ੍ਹ ਅਤੇ ਇਕ ਦੂਸਰੇ ਦੀਆਂ ਜੜ੍ਹਾ ਵਡਣ ਵਾਲਾ ਕੰਮ ਬੜਾ ਸੌਖਾ ਹੋ ਗਿਆ ਹੈ। ਦੋਨਾ ਲਿੰਗਾ ਦੀ ਬਰਾਬਰਤਾ ਦੀ ਫਿਲਾਸਫੀ ਬੁਧੀਜੀਵੀ ਵਰਗ ਦੇ ਸਮਝ ਤੋਂ ਬਾਹਰ ਹੋਈ ਜਾ ਰਹੀ ਹੈ। ਥੋਹੜਾ ਗੌਰ ਨਾਲ ਵੇਖੀਏ ਤਾਂ ਕੁਦਰਤ ਦੇ ਸਿਸਟਮ ਵਿਚ ਬਰਾਬਰਤਾ ਕਿਤੇ ਵੀ ਨਹੀਂ ਦਿਖਦੀ। ਸਭ ਜੀਵਾਂ ਵਿਚ ਨਰ ਅਤੇ ਮਦੀਨ ਦੇ ਆਪਣੇ ਆਪਣੇ ਨਿਸਚਤ ਘੇਰੇ ਹਨ ਜਿਨ੍ਹਾ ਵਿਚ ਰਹਿੰਦਿਆ ਉਤਪਤੀ ਦੀ ਖੇਡ ਚਲ ਰਹੀ ਹੈ। ਇਸੇ ਤਰ੍ਹਾ ਕੁਦਰਤ ਨੇ ਮਰਦ ਅਤੇ ਔਰਤ ਦੇ ਸਿਲਸਿਲੇ ਵੀ ਫਰਕ ਰਖਿਆ ਸੀ। ਪਰਕਥਤ ਮਨੁਖੀ ਸੁਧਾਰਵਾਦੀ ਸੋਚ ਦੀ ਆੜ ਵਿਚ ਕੀਤੀ ਗਈ ਮਰਦ ਅਤੇ ਔਰਤ ਦੀ ਬਰਾਬਰਤਾ ਨੇ ਸਭ ਕੁਝ ਉਲਟਾ ਪੁਲਟਾਕਰ ਦਿਤਾ ਹੈ। ਸਭ ਤੋਂ ਤਾਜਾ ਅਤੇ ਸਭ ਤੋਂ ਵਧ ਖਤਰਨਾਕ ਖਰੂਦ 'ਮੀ ਟੂ' ਦੀ ਹਵਾ ਨੇ ਚਲਾ ਦਿਤਾ ਹੈ। ਕੀ ਹੈ ਇਹ ਮਸਲਾ, ਕੀ ਹੈ ਇਹ ਮੁਹਿੰਮ ਆਓ ਪਤਾ ਕਰੀਏ।

ਮੀ ਟੂ ਦਾ ਮਤਲਬ ਹੈ 'ਮੈਂ ਵੀ ਸ਼ਾਮਲ ਹਾਂ'। ਔਰਤ ਜਾਤ ਵਿਚ ਨਕਲ ਪਰਵਿਰਤੀ ਮਰਦਾ ਤੋਂ ਕਿਤੇ ਵਧ ਹੈ। ਇਕ ਦੂਸਰੀ ਨੂੰ ਪਿਛਾਹ ਛਡਣ ਲਈ ਸਿਰ ਤੋੜ ਦੀ ਕੋਸ਼ਿਸ਼ ਕਰਨਾ ਅਤੇ ਭੇਤ ਰਖਣੇ ਤਾਂ ਜੋ ਕੋਈ ਦੂਸਰੀ ਔਰਤ ਨਕਲ ਨਾ ਕਰ ਸਕੇ, ਦੀ ਹੋੜ੍ਹ ਵਿਚ ਔਰਤਾ ਹਮੇਸ਼ਾ ਰੁਚਿਤ ਰਹਿੰਦੀਆ ਹਨ। ਖਾਣ ਪੀਣ ਦੀਆਂ 'ਰੈਸਪੀਆਂ', 'ਇਹ ਸੂਟ ਕਿਥੋਂ ਲਿਆ ਸੀ' ਜਾ 'ਤੂੰ ਇਹ ਕਿਥੋਂ ਸਿਖਿਆ ਸੀ' ਵਰਗੇ ਸੁਆਲਾਂ ਦੇ ਜਵਾਬ ਔਰਤਾ ਕਦੇ ਨਹੀਂ ਦੇਂਦੀਆਂ।ਮਰਦਾਂ ਦੀ ਪਿਠ ਪਿਛੇ ਚੁਗਲੀਆ ਕਰਨਾ ਤਕਰੀਬਨ ਹਰ ਔਰਤ ਦੀ ਫਿਤਰਤ ਹੁੰਦੀ ਹੈ। 2006 ਵਿਚ ਸਮਾਜਕ ਸੁਧਾਰਵਾਦੀ,ਇਕ ਕਾਲੀ ਅਮਰੀਕਨ ਕੁੜੀ ਤਰਾਨਾ ਬੁਰਕੇਨੇ ਔਰਤਾ ਦੇ ਅਬਿਊਜ਼ ਨੂੰ ਲੈਕੇ ਇਕ ਮੁਹਿੰਮ ਚਲਾਈ ਸੀ ਕਿ ਔਰਤਾਂ ਨਾਲ ਸਮਾਜ ਵਿਚ ਬਹੁਤ ਵਧੀਕੀਆ ਹੋ ਰਹੀਆ ਹਨ ਪਰ ਉਹ ਦਸਦੀਆ ਨਹੀਂ ਹਨ। ਉਸਨੇ ਆਪਣੀ ਸਟੋਰੀ ਦਸ ਕੇ ਕਿ ਕਿਵੇਂ ਉਸ ਨਾਲ ਬਚਪਨ ਅਤੇ ਜੁਆਨੀ ਵੇਲੇ ਵਖ ਵਖ ਮਰਦਾ ਵਲੋਂ ਸੈਕਸੂਅਲ ਐਬਿਊਜ਼ ਹੋਇਆ ਸੀ, ਦੂਸਰੀਆਂ ਹੋਰਨਾ ਨੂੰ ਵੀ ਪਬਲਿਕ ਵਿਚ ਦੱਸਣ ਲਈ ਉਕਸਾਇਆ ਸੀ।ਪਰਸੋਸ਼ਲ ਮੀਡੀਆ ਦੀ ਅਣਹੋਂਦ ਕਾਰਣ ਓਨੀ ਗਲ ਨਹੀਂ ਸੀ ਬਣੀ ਜਿਨੀਅਕਤੂਬਰ 2017 ਵਿਚ ਉਸ ਸਮੇ ਬਣ ਗਈ ਜਦ ਇਕ ਹਾਰਵੀ ਵਿਨ-ਸਟਨ ਨਾਮਕ ਅਮਰੀਕਨ ਹੌਲੀਵੁਡ ਫਿਲਮਪ੍ਰੋਡਿਊਸਰ ਦਾ ਭੇਤ ਖੁਲਣ ਉਪਰ ਬਣ ਗਈ। ਮੀ ਟੂ, ਮੀ ਟੂ ਹੋ ਗਈ। ਉਸ ਬਾਰੇ ਬੋਲਣ ਵਾਲੀ ਐਕਟਰਸ ਰੋਜ਼ ਮੈਕਗੋਨ ਸੀ ਫਿਰ 5,6 ਹੋਰਨਾ ਨੇ ਵੀ ਖੁਲਾਸੇ ਕਰ ਦਿਤੇ ਜਿਨ੍ਹਾ ਵਿਚ ਐਂਜਲੀਨਾ ਜੂਲੀ ਅਤੇ ਮੀਰਾ ਸੋਰਵੀਨੋ ਵਰਗੀਆ ਵੀ ਸ਼ਾਮਲ ਹਨ। ਵਿਚਾਰਾ 5 ਤੋਂ ਵਧ ਕੇਸਾਂ ਵਿਚ ਫਸਿਆ ਪਿਆ ਹੈ। ਇਸ ਗਲ ਦੀ ਚਰਚਾ ਮੇਨ ਸਟਰੀਮ ਮੀਡੀਆ ਵਿਚ ਐਨੀ ਕੀਤੀ ਗਈ ਕਿ ਕਈ ਹੋਰ ਔਰਤਾਂ ਨੇ ਵੀ ਖੁਲਾਸੇ ਕੀਤੇ ਅਤੇ ਪਤਾ ਚਲਿਆ ਕਿ ਉਹ ਐਹੋ ਜਿਹਾ ਕਸੂਤਾ ਕੰਮ ਪਿਛਲੇ 30 ਸਾਲਾਂ ਤੋਂ ਕਰਦਆਿ ਰਿਹਾ ਸੀ। ਬੰਦੇ ਦੀ ਈਮਾਨਦਾਰੀ ਵੇਖੋ, ਵਿਨਸਟਨ ਦਾ ਇਸ ਬਾਰੇ ਹਾਂ ਪੱਖੀ ਜਵਾਬ ਸੀ ਅਤੇ ਉਸਨੇ ਇਹ ਵੀ ਕਿਹਾ ਕਿ ਮੈਂ ਕਿਸੇ ਨਾਲ ਜਬਰਦਸਤੀ ਕੋ ਨਾ ਕੀਤੀ। ਸਭ ਕੁਝ ਦੋਨਾ ਪਾਸਿਆ ਦੀ ਰਜਾਮੰਦੀ ਨਾਲ ਹੁੰਦਾ ਰਿਹਾ ਹੈ। ਮੀਡੀਆ ਦੀ ਕਰੋਪੀ ਕਾਰਣ ਉਸਦਾ ਇਹ ਫਿਲਮੀ ਕੰਮ ਬੰਦ ਹੋ ਗਿਆ ਹੈ।

ਕਿਓਂਕਿ ਅਜਕਲ ਇਲਾਕਟਰਾਨਿਕਮੀਡੀਆ ਰਾਹੀਂ ਕੋਈ ਵੀ ਚਰਚਾ ਦਿਨਾ ਵਿਚ ਸਭ ਦੁਨੀਆਂ ਤਕ ਪਹੁੰਚ ਜਾਂਦੀ ਹੈ, ਫਲਸਰੂਪ ਇਹੀ ਮੀ ਟੂ ਦਾ ਖਲਾਰਾ ਭਾਰਤ ਦੀ ਬੌਲੀਵੁਡ ਫਿਲਮ ਇੰਡਸਟਰੀ ਮੁੰਬਈ ਵਿਚ ਵੀ ਜਾ ਵੜਿਆ। ਠੀਕ ਅਮਰੀਕਾ ਵਾਲੀ ਗਲ ਦੇ ਪੂਰੇ ਇਕ ਸਾਲ ਬਾਅਦ ਅਕਤੂਬਰ 2018 ਵਿਚ ਇਸਦੀ ਸ਼ੁਰੂਆਤ ਇਕ ਮਾਡਲ ਅਤੇ ਐਕਟਰੈਸ ਤਨਸ਼੍ਰੀ ਦੱਤਾ ਨੇ ਐਕਟਰ ਨਾਨਾ ਪਾਟੇਕਰ ਉਪਰ ਇਲਜ਼ਾਮ ਲਗਾਕੇ ਕੀਤੀ। ਫਿਰ ਇੰਡੀਅਨ ਆਈਡਲ ਦੇ ਪ੍ਰੋਡਿਊਸਰ ਅਤੇ ਮਿਊਜਿਕ ਡਾਇਰੈਕਟਰ ਅਨੁਮਲਿਕ ਬਾਰੇ ਬੜੀ ਹੀ ਸੁੰਦਰ ਐਕਟਰਸ ਡਿਸੂਜ਼ਾ ਨੇ ਇਹ ਕਹਿਕੇ ਚਰਚਾ ਛੇੜ ਦਿਤੀ ਕਿ ਅਨੁਮਲਿਕ ਕਿਹੜਾ ਘਟ ਹੈ। ਉਸ ਬਾਰੇ ਵੀ ਤਾ ਇਹੀ ਮਸ਼ਹੂਰ ਹੈ ਕਿ ਉਹ ਵੀ ਹਰ ਅੜਿਕੇ ਆਈ ਕੁੜੀ ਨਾਲ ਇਹੀ ਕੁਝ ਕਰਦਾ ਹੈ। ਕਿਓਂ ਕਿ ਤਕਰੀਬਨ ਹਰ ਮੁਲਕ ਵਿਚ ਵੋਮੈਨ ਅਬਿਊਜ਼ ਬਾਰੇ ਕਨੂੰਨ ਹਨ, ਇਸ ਲਈ ਚਰਚਾ ਵਿਚ ਆਏ ਬੰਦੇ ਨੂੰ ਪਿਛਾ ਛਡਾਉਣਾ ਬੜਾ ਔਖਾ ਹੋ ਜਾਂਦਾ ਹੈ। ਅਨੁ-ਮਲਿਕ ਦੇ ਖਿਲਾਫ ਕੋਈ ਨਿਜੀ ਸ਼ਕਾਇਤ ਤਾਂ ਕਿਸੇ ਨਹੀਂ ਹਾਲਾ ਕੀਤੀ, ਪਰ ਸੋਨੀ ਟੀਵੀ ਨੇ ਗਲ ਉਪਰ ਮਿਟੀ ਪਉਣ ਲਈ ਅਨੁਮਲਿਕ ਨੂੰ ਇੰਡੀਅਨ ਆਈਡਲ 10 ਸ਼ੋਅ ਦੇ 32 ਵੇਂ ਐਪੀਸੋਡ ਤੋਂ ਬਾਅਦ ਪ੍ਰੋਗਰਾਮ ਹੋਸਟ ਕਰਨ ਤੋਂ ਹਟਾ ਦਿਤਾ ਹੈ। ਰੀਸੋ ਰੀਸੇ ਹੁਣ ਤਕ 30 ਤੋਂ ਵਧ ਐਕਟਰੈਸਿਜ਼ ਮੁੰਬਈ ਨਗਰੀ ਦੇ ਮਸ਼ਹੂਰ ਐਕਟਰਾਂ ਅਤੇ ਪ੍ਰੋਡਿਊਸਰਾਂ ਬਾਰੇ ਖੁਲਾਸੇ ਕਰ ਚੁਕੀਆ ਹਨ।ਲਗਦਾ ਹੈ ਕਿ ਕੋਈ ਵੀ ਫਿਲਮੀ ਮਰਦ ਇਸ ਕੰਮ ਤੋਂ ਪਰ੍ਹੇ ਨਹੀਂ ਹੈ।

ਫਿਲਮੀ ਲੋਕਾਂ ਦੀ ਦੁਨੀਆ ਦਾਰੀ ਆਮ ਸਮਾਜਕ ਭਾਈਚਾਰੇ ਤੋਂ ਬੜੀ ਹਟਕੇ ਹੁੰਦੀ ਹੈ। ਉਨ੍ਹਾ ਵਿਚ ਸੈਕਸ ਪ੍ਰਤੀ ਬਹੁਤ ਮੋਕਲਾਪਨ ਹੈ।ਪ੍ਰੋਡਿਊਸਰਾ ਅਤੇ ਡਾਇਰੈਕਟਰਾਂ ਦਾ ਮੰਨਣਾ ਹੈ ਕਿ ਜਿਨੀ ਦੇਰ ਹੀਰੋ ਅਤੇ ਹੀਰੋਇਨ ਵਿਚਕਾਰ ਕਿਸੇ ਝਿਜਕ ਦੀ ਫੀਲਿੰਗ ਬਣੀ ਰਹਿੰਦੀ ਹੈ, ਉਨ੍ਹੀ ਦੇਰ ਉਨ੍ਹਾ ਦੀ ਐਕਟਿੰਗ ਵਿਚ ਕੁਦਰਤੀਪਨ ਨਹੀਂ ਆਉਂਦਾ। ਡਾਇਰੈਕਟਰ, ਦੋਨਾਂ ਨੂੰ ਆਪਸੀ ਝਿਜਕ ਪਰੇ ਸੁਟਣ ਲਈ ਉਕਸਾਉਂਦੇ ਹਨ ਤਾਂ ਜੋ ਸੀਨ ਵਿਚ ਅਸਲੀਪਨ ਉਘੜੇ। ਇਸੇ ਕਾਰਣ ਇਕ ਫਿਲਮ ਇਕੱਠਿਆ ਕਰਨ ਬਾਅਦ ਬਹੁਤ ਸਾਰੇ ਜੋੜਿਆ ਵਿਚ ਅਮੂਮਨ ਦੋਸਤੀ ਹੋ ਜਾਂਦੀ ਹੈ ਅਤੇ ਬਹੁਤ ਵਾਰ ਸ਼ਾਦੀਆ ਵੀ ਹੋ ਜਾਂਦੀਆਂ ਹਨ। ਰਾਜਕਪੂਰ, ਦਲੀਪ ਕੁਮਾਰ ਅਤੇ ਕਿਸ਼ੋਰ ਕੁਮਾਰ ਵਰਗਿਆਂ ਦੇ ਅਜਿਹੇ ਕਿਸੇ ਲੋਕ ਚਰਚਾ ਵਿਚ ਰਹੇ ਸਨ। ਪਾਠਕਾਂ ਨੂੰ ਯਾਦ ਹੋਵੇਗਾ ਕਿ ਬਲੈਕ ਐਡ ਵਾਈਟ ਫਿਲਮਾਂ ਦੇ ਪੁਰਾਣੇ ਜ਼ਮਾਨੇ ਵਿਚ ਜਦ ਹੀਰੋਇਨ ਕਿਸੇ ਹੀਰੋ ਦੀ ਜਫੀ ਵਿਚ ਜਾਂਦੀ ਸੀ ਤਾਂ ਆਪਣੇ ਹੱਥ ਵਿਚਕਾਰ ਕਰ ਲੈਂਦੀ ਸੀ ਤਾਂ ਜੋ ਛਾਤੀਆਂ ਦੀ ਛੋਹ ਨਾ ਬਣ ਜਾਵੇ ਪਰ ਡਾਇਰੈਕਟਰਾਂ ਦੀ ਜਦੋ ਜਹਿਦ ਕਾਰਣ ਖੁਲੀਆਂ ਜਫੀਆਂ ਦਾ ਰਿਵਾਜ ਆ ਗਿਆ।ਹਾਲਤ ਇਹ ਹੋ ਗਈ ਹੈ ਕਿ ਹੁਣ ਸਚਮੁਚ ਦੀ ਕਿਸਿੰਗ ਦੇ ਸੀਨ ਵੀ ਬੜੀ ਬਰੀਕੀ ਨਾਲ ਵਿਖਾਏ ਜਾਂਦੇ ਹਨ।ਔਰਤਾਂ ਅਤੇ ਮਰਦਾ ਨੂੰ ਘਟੋ ਘਟ ਕਪੜਿਆ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕੀ ਮੀਟੂ ਦੀ ਹੋੜ੍ਹ ਪਿਛੇ ਕੋਈ ਮਕਸਦ ਹੈ? ਨਹੀਂਬਿਲਕੁਲ ਨਹੀਂ। ਕੇਵਲ ਇਕ ਉਜੱਡਬਾਦ ਹੈ।ਜਿਨਸੀ ਰਿਸ਼ਤਿਆਂ ਦੀਆ, ਜਿਨਾਂ-ਭੂਤਾਂ ਦੀਆਂ ਜਾਂ ਸੱਪਾਂ ਦੀਆਂ ਕਹਾਣੀਆਂ ਵਿਚ ਇਨਸਾਨੀ ਮਨ ਬੜਾ ਦਿਲਚਸਪੀ ਰਖਦਾ ਹੈ। ਪਰ੍ਹੇ ਵਿਚ ਇਨ੍ਹਾ ਵਿਸ਼ਿਆ ਉਪਰ ਗਲ ਤੁਰ ਪਵੇ ਤਾਂ ਲੜੀ ਟੁਟਦੀ ਹੀ ਨਹੀਂ ਹੁੰਦੀ। ਮੀਟੂ ਰਾਹੀਂ ਸ਼ਰਾਰਤੀ ਅਨਸਰ, ਮਰਦ ਜਾਤ ਉਪਰ ਊਜਾਂ ਲਗਾਉਣ ਲਈ ਔਰਤਾ ਨੂੰ ਚਮ੍ਹਲਾਅਰਹੇ ਹਨ ਅਤੇ ਹੱਲਾ ਸ਼ੇਰੀ ਦਿਤੀ ਜਾ ਰਹੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਅਜਿਹੇ ਊਟਪਟਾਂਗ ਕਿਸਿਆ ਉਪਰ ਅਧਾਰਤ ਕਈ ਮੈਗਜ਼ੀਨ ਮਾਰਕਿਟ ਵਿਚ ਚਲ ਰਹੇ ਹਨ ਜਿਵੇ 'ਫਿਲਮੀ ਦੁਨੀਆਂ','ਫਿਲਮ ਫੇਅਰ' ਅਤੇ 'ਬੌਲੀਵੁਡ' ਵਗੈਰਾ। ਹਰਨਿਕੀ ਤੋਂ ਨਿਕੀ ਅਖਬਾਰ ਵਾਲੇ ਘਟੋ ਘਟ ਇਕ ਸਫਾ ਫਿਲਮੀ ਖਬਰਾਂ ਵਾਸਤੇ ਰਖਵਾਂ ਰਖਦੇ ਹਨ। ਇਹ ਸਭ ਕੁਝਕੇਵਲ ਇਕ ਖਾਸਕਿਸਮ ਦਾ ਮਨੋਰੰਜਨ ਪੈਦਾ ਕਰਨ ਖਾਤਰ ਕੀਤਾ ਜਾਂਦਾ ਹੈ ਜੋ ਕਿ ਫਿਲਮੀ ਲੋਕਾਂ ਦੀ ਮਸ਼ਹੂਰੀ ਕਰਨ ਦਾ ਕੰਮ ਕਰਦਾ ਹੈ। ਮੀਟੂ ਵਾਲੇ ਕਥਤ ਮਾਮਲੇ ਕੋਰਟਾਂ ਵਿਚ ਕਦੇ ਕਾਮਯਾਬੀ ਨਾਲ ਲਿਆਂਦੇ ਹੀ



ਨਹੀਂ ਜਾ ਸਕਦੇ। ਕੋਰਟਾ ਵਿਚ ਤਾਂ ਕੱਲ ਦੀ ਘਟਤ ਹੋਈ ਵਾਰਦਾਤ ਨੂੰ ਸਾਬਤ ਕਰਨਾ ਔਖਾ ਹੁੰਦਾ ਹੈ ਪਰ ਮੀਟੂ ਪ੍ਰੇਰਤ ਊਜਾਂ ਤਾਂ ਕਈ ਕਈ ਸਾਲ ਪੁਰਾਣੀਆ ਦੇ ਜ਼ਿਕਰ ਹੋ ਰਹੇ ਹਨ।ਟੀ ਵੀ ਅਤੇ ਰੈਡੀਓ ਟਾਕ ਸ਼ੋਆਂ ਉਪਰ ਹੁਣ ਚਰਚੇ ਹਨ ਕਿ ਮਰਦ ਵੀ ਅਜਿਹੇ ਮਸਲੇ ਪਬਲਿਕ ਕਰਨ ਜਿਥੇ ਔਰਤਾਂ ਨੇ ਪਹਿਲ ਕਰਕੇ ਮਰਦਾ ਦਾ ਪ੍ਰਯੋਗ ਕੀਤਾ ਹੈ।ਅਬਿਊਜ਼ ਦੀ ਜਗਾਹ ਪ੍ਰਯੋਗ ਸ਼ਬਦ ਦਾ ਇਸ ਲਈ ਇਸਤੇਮਾਲ ਕੀਤਾ ਹੈ ਕਿਓਂ ਕਿ ਬੰਦੇ ਦਾ ਅਬਿਊਜ਼ ਤਾਂ ਹੋ ਹੀ ਨਹੀਂ ਸਕਦਾ ਜਦ ਤਕ ਬੰਦਾ ਖੁਦ ਤਿਆਰੀ ਨਾ ਪਕੜੇ।

ਜੇਕਰਮਰਦ ਅਤੇ ਔਰਤ ਦੇ ਰਿਸ਼ਤੇ ਉਪਰ ਅਕਾਸ਼ੀ ਝਾਤ ਮਾਰੀ ਜਾਵੇ, ਤਾਂ ਇਕ ਗਲ ਸਾਫ ਦਿਖਦੀ ਹੈ ਕਿ ਸੈਕਸ ਦੇ ਮੁਆਮਲੇ ਬੰਦੇ ਨਾਲੋਂ ਔਰਤਾ ਵਧੇਰੇ ਐਕਟਿਵ ਹੁੰਦੀਆ ਹਨ। ਇਹ ਗਲ ਨਾਰਥ ਅਮਰੀਕਾ ਵਿਚ ਤਾਂ ਦਿਨ ਦੀ ਧੁਪ ਵਾਂਗ ਉਘੜਦੀ ਹੈ। ਕੁੜੀਆ, ਮੁੰਡਿਆ ਦੇ ਸ਼ਿਕਾਰ ਕਰਦੀਆਂ ਹਨ। ਜੁਆਨ ਕੁੜੀਆ ਨੂੰ ਕੋਈ ਵਰਜ ਨਹੀਂ ਸਕਦਾ। ਘਰ ਵਿਚ ਉਨ੍ਹਾ ਖਿਲਾਫ ਕੋਈ ਖੰਘ ਨਹੀਂ ਸਕਦਾ। ਹਾਂ ਪੂਰਬੀ ਦੇਸ਼ਾ ਵਿਚ ਜਰੂਰ ਮੁੰਡੇ ਐਕਟਿਵ ਹਨ। ਮੁੰਡਿਆ ਦੀ ਉਕਸਾਹਟ ਵਿਚ ਉਥੇ ਵੀ ਕੁੜੀਆ ਦਾ ਹਥ ਵਧੇਰੇ ਹੁੰਦਾ ਹੈ। ਜਦ ਤਕ ਕਿਸੇ ਕੁੜੀ ਵਲੋਂ ਕਿਸੇ ਨਾ ਕਿਸੇ ਤਰੀਕੇ ਹਾਂ ਪੱਖੀ ਇਸ਼ਾਰਾ ਨਾ ਮਿਲੇਅਮੂਮਨ ਕੋਈ ਮੁੰਡਾ ਮਗਰ ਨਹੀਂ ਲਗਦਾ। ਸੰਵੇਦਿਨ ਸ਼ੀਲ ਮੁੰਡੇ ਤਾਂ ਕੁੜੀ ਦੀ ਘੂਰੀ ਤੋਂ ਵੀ ਡਰ ਜਾਂਦੇ ਹਨ।ਕੇਵਲ ਔਰਤਾਂ ਦੀ ਮੂਰਖਤਾ, ਚਿਲੱਤਰ ਅਤੇ ਬਦਕਾਰੀ, ਉਨ੍ਹਾ ਨਾਲ ਵਧੀਕੀਆਂ ਦਾ ਸਬੱਬ ਬਣਦੀ ਹੈ। ਹਾਂ ਕਿਤੇ ਕਿਤੇ ਇਸ ਅਸਲੀਅਤ ਤੋਂ ਉਲਟ ਅਬਲਾ ਔਰਤਾਂ ਨਾਲ ਬੇਇਨਸਾਫੀ ਵੀ ਹੋ ਜਾਂਦੀ ਹੈ ਪਰ ਅਜਿਹੇ ਕੇਸਾਂ ਵਿਚ ਬਹੁਤ ਘਟੀਆ ਕਿਸਮ ਦੇ ਉਗਰਬਾਦੀ ਜ਼ਾਲਮਾਂ ਦਾ ਹਥ ਹੁੰਦਾ ਹੈ, ਸਮਾਜਕ ਲੋਕਾਂ ਦਾ ਨਹੀਂ।

ਇਤਿਹਾਸ ਜਾਂ ਮਿਥਹਾਸ ਅਨੁਸਾਰ ਕੋਈ ਸਮਾ, ਦੇਵੀਆ ਦੇ ਕਾਲ ਦਾਰਹਿ ਚੁਕਾ ਹੈ। ਉਨ੍ਹਾ ਦੇ ਸਮਿਆ ਵਿਚ ਬਹੁਤ ਵਡਾ ਨਰਸੰਘਾਰ ਹੋਇਆ ਸੀ ਅਤੇ ਦੇਵੀਆ ਨੇ ਬੰਦੇ ਮਾਰ ਮਾਰਕੇ ਉਨ੍ਹਾ ਦੀਆਂ ਮੁੰਡੀਆ ਦੇ ਹਾਰ ਆਪਣੇ ਗਲਾਂ ਵਿਚ ਪਾਏ ਸਨ। ਬੰਦਿਆ ਪ੍ਰਤੀ ਔਰਤਾ ਦੀ ਨਿਰਦੈਤਾ ਦਾਮੂੰਹ ਬੋਲਦਾ ਸਬੂਤ ਹਨ ਕਲੰਡਰਾਂ ਉਪਰ ਦਿਖਦੀਆ ਕਾਲੀ ਮਾਤਾ ਦੀਆ ਤਸਵੀਰਾ। ਜਦ ਕਿ ਸੰਸਾਰ ਵਿਚ ਬੰਦਿਆ ਰਾਹੀ ਔਰਤਾ ਨਾਲ ਅਜਿਹੀ ਨਿਰਦੈਤਾ ਦਾ ਕਿਤੇ ਜ਼ਿਕਰ ਨਹੀਂ ਮਿਲਦਾ।ਅਜੋਕੇ ਸਮੇ ਦੇ ਪ੍ਰੰਪਰਾਗਤ ਦੇਵੀ ਮਾਂ ਦੇ ਜਗਰਾਤੇ ਵੀ ਇਸੇ ਸਚ ਵਲ ਇਸ਼ਾਰਾ ਕਰਦੇ ਹਨ। ਸ਼ੇਰਾਂ ਵਾਲੀ ਮਾਤਾ ਅਗੇ ਲੇਲੜੀਆਂ ਕਢੀਆ ਜਾਂਦੀਆਂ ਤਰਲੇ ਕੀਤੇ ਜਾਂਦੇ ਹਨ ਮਾਤਾ ਤੋਂ ਕੁਝ ਪ੍ਰਾਪਤ ਕਰਨ ਲਈ। ਅਜਿਹਾ ਕੁਝ ਕਿਸੇ ਦੇਵਤੇ ਦੇ ਵਰਦਾਨ ਲਈ ਨਹੀਂ ਕੀਤਾ ਜਾਂਦਾ ਸਗੋਂ ਭੋਲੇਨਾਥ ਵਰਗੇ ਝਟ ਵਿਚ ਵਰਦਾਨ ਦੇ ਦੇਂਦੇ ਸਨ। ਜ਼ਿਆਦਾ ਤਰਲੇ ਸਖਤ ਮਿਜਾਜ਼ ਮੂਹਰੇ ਹੀ ਕੀਤੇ ਜਾਂਦੇ ਹਨ। ਮਨੁਖੀਇਤਿਹਾਸ ਵਿਚ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਦਾ ਜਿਥੋਂ ਪਤਾ ਲਗੇ ਕਿ ਉਸ ਔਰਤ ਪ੍ਰਧਾਨ ਸਮੇ ਦਾ ਅੰਤ ਕਿਵੇਂ ਹੋਇਆ ਸੀ। ਪਰ ਹੋਇਆ ਜਰੂਰ ਸੀ ਵਰਨਾ ਅਜ ਵੀ ਔਰਤਾ ਇਹੀ ਕੁਝ ਕਰਦੀਆ ਹੁੰਦੀਆਂ। ਅਨਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਕਿਵੇਂ ਨਾ ਕਿਵੇਂ ਰਾਜ ਪਲਟਾ ਹੋਇਆ ਸੀ ਅਤੇ ਮੁੜ ਮਰਦ ਦੀ ਪ੍ਰਧਾਨਤਾ ਪਰਤੀ ਸੀ। ਹੋ ਸਕਦੈ ਮਰਦ ਇਤਿਹਾਸਕਾਰਾਂ ਨੇ ਇਸ ਨੂੰ ਗੁਪਤ ਰੱਖਣਾ ਮੁਨਾਸਿਬ ਸਮਝਿਆ ਹੋਵੇ। ਹਿੰਦੂ ਧਰਮ ਦੀ ਨੀਤੀ ਨੂੰ ਘੋਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਹਿੰਦੂ ਮਹਾਪੁਰਸ਼ਾ ਨੇ ਔਰਤਾਂ ਨੂੰ ਕੇਵਲ ਉਨ੍ਹਾ ਦੀ ਔਕਾਤ ਸਮਝਾਕੇ ਚੁਪ ਚਾਪ ਆਪਣੇ ਘਰੇਲੂ ਕੰਮ ਕਰਨ ਦੀ ਪ੍ਰੇਰਣਾ ਦਿਤੀ ਸੀ।ਮਹਾਂ ਭਾਰਤ ਅਤੇ ਰਮਾਇਣ ਵਿਚ ਔਰਤ ਪਾਤਰਾਂ ਦੇ ਸਿਰਜੇ ਹੋਏ ਵਖਾਣ ਇਹੀ ਸਾਬਤ ਕਰਦੇ ਹਨ। ਰਮਾਇਣ ਵਿਚ ਕਕਈ ਦੀ ਮੂਰਖਤਾ ਕਾਰਣ ਵਾਪਰੇ ਦੁਖਾਂਤ ਦਾ ਜ਼ਿਕਰ ਹੈ ਅਤੇ ਮਹਾਂਭਾਰਤ ਵਿਚ ਦਰੋਪਤੀ ਦੇ ਬਦਲਾ ਲਊ ਵਿਵਹਾਰ ਦਾ। ਮਾਤਾ ਸੀਤਾ ਨਾਲ ਰਾਮ ਦਾ ਗੈਰ ਕੁਦਰਤੀ ਵਰਤਾਰਾ ਵੀ ਇਸੇ ਸੰਧਰਬ ਵਿਚ ਹਾਂ ਪੱਖੀ ਦਿਖਦਾ ਹੈ ਅਤੇ ਨਾਰੀ ਨੂੰ ਦਬਾਕੇ ਰਖਣ ਦੀ ਮੂੰਹ ਬੋਲਦੀ ਤਸਵੀਰ ਹੈ।

ਮੀਟੂ ਮਹਿੰਮ ਦਾ ਇਕ ਮਨੋਵਿਗਿਆਨਕ ਅਸਰ ਹੋਣਾ ਵੀ ਕੁਦਰਤੀ ਗਲ ਹੈ। ਕੁਦਰਤ ਦੇ ਨੇਮਾਂ ਅਨੁਸਾਰ, ਮਰਦ ਅਤੇ ਔਰਤ ਦੀ ਸੈਕਸ ਊਰਜਾ ਇਕ ਦੂਸਰੇ ਵਿਚ ਵਿਚਰਣ ਨਾਲ ਪੈਦਾ ਹੁੰਦੀ ਹੈ। ਮੇਲਿਆ ਮੁਸਾਵਿਆ ਸਮੇ, ਵਿਆਹਾ ਸ਼ਾਦੀਆਂ ਦੇ ਇਕੱਠਾ ਵੇਲੇਦੋਨੋ ਲਿੰਗਾ ਦੀ ਇਕ ਦੂਸਰੇ ਨਾਲ ਸਰੀਰਕ ਛੂਹ ਸੈਕਸ ਊਰਜਾ ਸਟਿਮੂਲੇਟ (ਉਤਪਨ) ਕਰਦੀ ਹੈ। ਪਿਕਚਰਾਂ ਵਿਚ ਸੁੰਦਰ ਔਰਤਾ ਦਾ ਅਤੇ ਰਿਸ਼ਟਪੁਸ਼ਟ ਮਸਕੂਲਰ ਮਰਦਾ ਦਾ ਦਿਖਣਾ ਵੀ ਦੋਨਾ ਲਿੰਗਾ ਵਾਸਤੇ ਮੁਫੀਦ ਹੁੰਦਾ ਹੈ। ਇਸੇ ਕਾਰਣ ਜੋ ਲੋਕ ਬਹੁਤਾ ਸਮਾ ਘਰਾ ਵਿਚ ਡਕੇ ਰਹਿੰਦੇ ਹਨ ਅਤੇ ਉਨਹਾ ਦਾ ਸੰਪਰਕ ਵਿਰੋਧੀ ਲਿੰਗ ਨਾਲੋਂ ਟੁਟਦਾ ਹੈ, ਉਨ੍ਹਾ ਦੀ ਸੈਕਸ ਲਾਈਫ ਮਧਮ ਪੈ ਜਾਂਦੀ ਹੈ।ਸੈਕਸ ਊਰਜਾ ਪੈਦਾ ਕਰਨ ਲਈ ਕਈ ਲੋਕ ਬਲਿਊ ਫਿਲਮਾਂ ਵੇਖਦੇ ਹਨ, ਜਾਨਵਰਾਂ ਦੀ ਮੇਟਿੰਗ ਦੇ ਵੀਡੀਓ ਵੇਖਦੇ ਹਨ ਅਤੇ ਕੁਸ਼ਤੇ ਵਗੈਰਾ ਖਾਂਦੇ ਹਨ। ਪਬਲਿਕ ਲਾਈਫ ਵਿਚ ਔਰਤਾ ਅਤੇ ਮਰਦਾਂ ਦੇ ਸਜ ਧਜਕੇ ਨਿਕਲਣ ਪਿਛੇ ਵੀ ਕੁਦਰਤ ਦਾ ਇਹੀ ਵਿਧਾਨ ਕੰਮ ਕਰਦਾ ਹੈ ਕਿ ਦੋਨੋ ਲਿੰਗ ਇਕ ਦੂਸਰੇ ਲਈ ਅਟਰੈਕਸ਼ਨ ਪੈਦਾ ਕਰਨ। ਅੱਖਾ ਮੀਟਕੇ ਸੋਚੋ ਕਿ ਜੇ ਮੀਟੂ ਰਾਹੀ ਔਰਤਾ ਪ੍ਰਤੀ ਇਹ ਗਲ ਮਸ਼ਹੂਰ ਹੋ ਗਈ ਕਿ ਇਹ ਤਾਂ ਬੰਦੇ ਦਾ ਪਾਜ ਖੋਲਣ ਵਾਲੀਆਂ ਮਸ਼ੀਨਾ ਹਨ ਅਤੇ ਇਨ੍ਹਾ ਉਪਰ ਇਤਬਾਰ ਕਰ ਲੈਣਾ ਬੜਾ ਘਾਤਕ ਸਿੱਧ ਹੋ ਸਕਦੈ, ਤਾਂ ਕੀ ਬੰਦਿਆਂ ਦੇ ਸਾਹ ਨਹੀਂ ਸੁਕੇ ਰਹਿਣਗੇ? ਗੋਲੀਆ ਮਗਜਾਂ ਨੂੰ ਨਹੀਂ ਚੜੀਆਂ ਰਹਿਣਗੀਆਂ? ਫਿਰਕੌਣ ਖੂਬਸੁਰਤ ਔਰਤਾਂ ਵਲ ਝਾਕੇਗਾ? ਇਸਦਾ ਬੜਾ ਖਤਰਨਾਕ ਅਸਰ ਜਨਨ ਪਰਕ੍ਰਿਆ ਉਪਰ ਪੈ ਸਕਦਾ ਹੈ।ਡਾਕਟਰਾਂ ਦੀ ਮੰਨੀਏ ਤਾਂ ਮਰਦਾਂ ਦੇ ਵੀਰਜ ਵਿਚ ਸ਼ਕਰਾਣੂਆ ਦੀ ਗਿਣਤੀ ਪਹਿਲੀਆਂ ਤੋਂ ਕਾਫੀ ਘਟ ਚੁਕੀ ਹੈ।

ਇਕ ਫਰੇਜ਼ ਮਸ਼ਹੂਰ ਹੈ ਕਿ 'ਹਿਸਟਰੀ ਰੀਪੀਟ ਇਟਸੈਲਫ'। ਯਾਨੀ ਤਵਾਰੀਖਾ ਮੁੜ ਦੁਹਰਾਈਆ ਜਾਂਦੀਆ ਹਨ। ਮੀਟੂ ਰਾਹੀਂ ਹਾਲਾਂ ਤਾਂ ਫਿਲਮ ਇੰਡਸਟਰੀ ਦੀਆਂ ਕਹਾਣੀਆਂ ਦੀ ਚਰਚਾ ਚਲ ਰਹੀ ਹੈ ਜਿਨ੍ਹਾ ਦਾ ਪਹਿਲੋਂ ਹੀ ਕੋਈ ਦੀਨ ਈਮਾਨ ਨਹੀਂ ਹੁੰਦਾ। ਯਾਦ ਰਹੇ ਕਿ ਫਿਲਮੀ ਲੋਕਾਂ ਦਾ ਓਰਜਿਨ ਕੰਜਰ ਕਮਿਓਨਿਟੀ ਨਾਲ ਜੁੜਦਾ ਹੈ। ਪਰਮੀਟੂ ਦੀ ਹੋੜ੍ਹ ਜਦ ਰਾਜਨੀਤਕ ਅਤੇ ਸੋਸ਼ਿਲ ਲੀਡਰਾ ਤਕ ਪਜੁੰਚੀ ਤਾਂ ਬਹੁਤ ਘਸਮਾਣ ਪਵੇਗਾ। ਔਰਤਾਂ ਦੇ ਕਤਲ ਵਧ ਜਾਣਗੇ ਅਤੇ ਇਸ ਸਿਲਸਿਲੇ ਮਰਦਾਂ ਦੇ ਕਤਲ ਵੀ ਹੋ ਸਕਦੇ ਹਨ। ਮੀਟੂ ਦੀ ਅੰਤਰਾਸ਼ਟਰੀ ਲੋਕਪ੍ਰੀਅਤਾ ਅਤੇ ਔਰਤਾਂ ਦਾ ਇਸ ਬਾਰੇ ਉਲਾਰ ਹੋਕੇ ਅਸਰ ਕਬੂਲਣਾ ਇਸ ਗਲ ਦਾ ਸੰਕੇਤ ਹੈ ਕਿ ਆਉਣ ਵਾਲਾ ਸਮਾ ਮਰਦਾ ਲਈ ਕਸ਼ਟਾਂ ਭਰਿਆ ਆ ਰਿਹਾ ਹੈ। ਇਸ ਸ਼ੋਰ ਸ਼ਰਾਬੇ ਨਾਲ ਔਰਤਾ ਨੇ ਆਪਣੇ ਆਪ ਲਈ ਵੀ ਮੁਸੀਬਤਾ ਖੜੀਆ ਕਰ ਲੈਣੀਆ ਹਨ।ਜਦ ਖਰਾਂਟ ਅਤੇ ਖੂੰਹਕਾਰ ਕਿਸਮ ਦੇ ਲੀਡਰਾਂ ਬਾਰੇ ਇਹ ਕੁਝ ਚਲ ਪਿਆ ਫਿਰ ਰੱਬ ਹੀ ਰਾਖਾ ਹੈ।ਖਰਾਂਟ ਅਤੇ ਉਪਦਰੀ ਕਿਸਮ ਦੇ ਲੋਕਾਂ ਵਲੋਂ ਕੀਤੇ ਬਹੁਤੇ ਕਤਲ ਪੋਲੀਸ ਕੋਲੋਂ ਸੌਲਵ ਹੀ ਨਹੀਂ ਹੁੰਦੇ। ਸਿਆਣੇ ਕਹਿੰਦੇ ਹਨ ਕਿ ਮਰਦ ਇਕ ਤਣੇਦਾਰ ਬਿਰਖ ਭਾਂਤੀ ਹੁੰਦਾ ਹੈ ਅਤੇ ਔਰਤ ਅਜਿਹੇ ਬਿਰਖ ਉਪਰ ਚੜ੍ਹਕੇ ਉਚਾਈਆਂ ਛੂਹਣ ਵਾਲੀ ਘੀਆ ਵੇਲ ਵਾਂਗ ਹੁੰਦੀ ਹੈ। ਔਰਤਾ ਦੀ ਮਰਦਾਂ ਖਿਲਾਫ ਵਿਡੀ ਲੜਾਈ ਕਿਤੇ ਮੁੜ ਨਰਸੰਘਾਰ ਵਲ ਨੂੰ ਮੋੜਾ ਨਾ ਖਾ ਜਾਵੇ। ਸੂਝਵਾਨਲੋਕਾਂ ਵਲੋਂ ਇਸ ਪ੍ਰਤੀ ਚਿੰਤਾ ਕਰਨਾ ਸਮੇ ਦੀ ਜਰੂਰਤ ਹੈ।

## ਨਵੇਂ ਪਰਵਾਰ ਦਾ ਰੂਪ ਲੈ ਰਹੀ ਦੋਸਤੀ

-ਸੰਤੋਖ ਸਿੰਘ ਭਾਣਾ-

ਅੱਜ ਕੱਲ੍ਹ ਦੋਸਤ ਕੇਵਲ ਦੋਸਤ ਹੀ ਨਹੀਂ, ਨਵੇਂ ਪਰਵਾਰ ਦਾ ਰੂਪ ਲੈ ਚੁੱਕੇ ਹਨ। ਦੋਸਤਾਂ ਨੇ ਦੂਜੇ ਪਰਵਾਰ ਵਾਂਗ ਜਗ੍ਹਾ ਬਣਾ ਲਈ ਹੈ। ਕਿਤੇ-ਕਿਤੇ ਨੇੜਲੇ ਰਿਸ਼ਤੇਦਾਰਾਂ ਤੋਂ ਵੀ ਨੇੜੇ ਹੋਣ ਲੱਗ ਪਏ ਹਨ ਅਤੇ ਨਾਲ ਪਰਵਾਰ ਦੀ ਕਮੀ ਨੂੰ ਪੂਰਾ ਕਰਨ ਲੱਗੇ ਹਨ। ਇਕੱਠਿਆਂ ਖਾਣਾ ਪੀਣਾ, ਇਕੱਠਿਆਂ ਮੌਜਾਂ ਮਾਣਨੀਆਂ, ਹਰ ਤਿਉਹਾਰ, ਰਲ ਮਿਲ ਕੇ ਮਨਾਉਣਾ, ਇਕੱਠਿਆਂ ਬਹਿ ਕੇ ਛੁੱਟੀਆਂ ਦੀ ਯੋਜਨਾ ਬਣਾਉਣੀ, ਘੁੰਮਣਾ ਫਿਰਨਾ ਅਤੇ ਛੁੱਟੀਆਂ 'ਚ ਇਕ ਦੂਜੇ ਕੋਲ ਬੱਚਿਆਂ ਨੂੰ ਭੇਜਣਾ। ਇਹ ਵਰਤਾਰਾ ਪੁਰਾਣੀ ਵਿਚਾਰਧਾਰਾ ਵਾਲਿਆਂ ਨੂੰ ਅਜੀਬ ਜਾਂ ਸੰਸਕ੍ਰਿਤੀ ਅਤੇ ਪਰਵਾਰਕ ਪਰੰਪਰਾ ਤੋਂ ਵੱਖਰਾ ਲੱਗ ਸਕਦਾ ਤੇ ਨਾਰਾਜ਼ਗੀ ਦਾ ਕਾਰਨ ਬਣ ਸਕਦਾ ਹੈ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਦੋਸਤੀ ਅੱਜ ਕਿਉਂ ਖੂਨ ਦੇ ਰਿਸ਼ਤਿਆਂ ਤੋਂ ਵੀ ਵੱਧ ਮਹੱਤਵਪੂਰਨ ਹੋ ਰਹੀ ਹੈ? ਹਮੇਸ਼ਾ ਇਹ ਕਿਹਾ ਜਾਂਦਾ ਰਿਹਾ ਹੈ ਕਿ ਖੂਨ ਦਾ ਰਿਸ਼ਤਾ ਬਹੁਤ ਗਹਿਰਾ ਰਿਸ਼ਤਾ ਹੁੰਦਾ ਹੈ। ਅੱਜ ਇਹ ਦੋਸਤੀ ਦੇ ਰਿਸ਼ਤੇ ਕਿਉਂ ਬਹੁਤ ਜ਼ਿਆਦਾ ਗੂੜ੍ਹੇ ਹੁੰਦੇ ਜਾ ਰਹੇ ਹਨ?

ਅੱਜ ਦੋਸਤੀ ਦੇ ਇਸ ਨਵੇਂ ਪਰਵਾਰ ਨੇ ਖਾਨਦਾਨੀ ਸੰਬੰਧਾਂ ਨੂੰ ਅਰਥਹੀਣ ਕਰ ਦਿੱਤਾ ਹੈ। ਬੱਚਿਆਂ ਲਈ ਚਚੇਰੇ ਮਮੇਰੇ ਭਰਾ ਅਜਨਬੀ ਹੋ ਗਏ ਹਨ। ਸਾਲ 'ਚ ਇਕ ਅੱਧ ਵਾਰ ਮਿਲ ਪੈਣ ਤਾਂ ਇਹ ਬਹੁਤ ਵੱਡੀ ਗੱਲ ਹੈ। ਮਾਪੇ ਆਪਣੇ ਕਰੀਅਰ ਤੇ ਬੱਚਿਆਂ ਦੀ ਪੜ੍ਹਾਈ ਦੇ ਨਾਲ ਤਾਲਮੇਲ ਅਨੁਕੂਲ ਕਰਨ 'ਚ ਐਨੇ ਰੁੱਝੇ ਹੋਏ ਹਨ ਕਿ ਉਨ੍ਹਾਂ ਕੋਲ ਇਹ ਯਾਦ ਕਰਨ ਦਾ ਸਮਾਂ ਵੀ ਨਹੀਂ ਹੈ ਕਿ ਕੌਣ ਰਿਸ਼ਤੇਦਾਰ ਕਿੱਥੇ ਹੈ ਅਤੇ ਕਿਸ ਦੇ ਕਿੰਨੇ ਬੱਚੇ ਹਨ?

ਇਹ ਬਦਲਾਅ ਇਕਦਮ ਨਹੀਂ ਆ ਗਿਆ, ਜਦੋਂ ਤੋਂ ਆਦਮੀ ਘਰ ਤੋਂ ਪਿੰਡ, ਪਿੰਡ ਤੋਂ ਸ਼ਹਿਰ ਅਤੇ ਸ਼ਹਿਰ ਤੋਂ ਦੇਸ਼ ਵਿਦੇਸ਼ ਦੀਆਂ ਦੂਰੀਆਂ ਤੈਅ ਕਰਕੇ ਆਪਣੀਆਂ ਇੱਛਾਵਾ, ਕੁਝ ਬਣਨ ਦੀ ਲਾਲਸਾ ਜਾਂ ਸੁਪਨਿਆਂ ਨੂੰ ਆਕਾਰ ਦੇਣ ਲਈ ਨਵੀਂ ਜ਼ਮੀਨ ਲੱਭਣ ਦੀ ਕੋਸ਼ਿਸ ਵਿੱਚ ਲੱਗਾ ਅਤੇ ਨਵੇਂ ਆਕਾਸ਼ ਥੱਲੇ ਵੱਸਣ ਲਈ ਯਤਨਸ਼ੀਲ ਹੈ। ਜਦੋਂ ਤੋਂ ਔਰਤਾਂ ਨੇ ਘਰੋਂ ਨਿਕਲ ਕੇ ਕੁਝ ਕਰਨ ਕਮਾਉਣ ਦਾ ਬੀੜਾ ਚੁੱਕਿਆ ਹੈ ਅਤੇ ਘਰੇਲੂ ਜ਼ਿੰਮੇਵਾਰੀਆਂ ਨੂੰ ਮੋਢਾ ਦਿੱਤਾ ਹੈ, ਉਦੋਂ ਤੋਂ ਹੀ ਪਰੰਪਰਾ 'ਚ ਬੰਨ੍ਹੇ ਆ ਰਹੇ ਪਰਵਾਰ ਦਾ ਢਾਂਚਾ ਹਿੱਲ ਗਿਆ ਅਤੇ ਪਰਵਾਰ ਵੱਡੇ ਬਦਲਾਅ ਵੱਲ ਮੁੜ ਪਏ ਹਨ। ਕਰੀਅਰ ਅਤੇ ਲੋੜ ਤੋਂ ਵੱਧ ਲੋੜਾਂ ਦੀ ਪ੍ਰਾਪਤੀ ਲਈ ਭੱਜ ਦੌੜ ਨੇ ਪਰਵਾਰਕ ਮੈਂਬਰਾਂ ਦੇ ਹੱਥ ਇਕ ਦੂਜੇ ਤੋਂ ਛੁਡਾ ਦਿੱਤੇ ਹਨ। ਹੌਲੀ-ਹੌਲੀ ਦੂਰੀਆਂ ਵਧਦੀਆਂ ਗਈਆਂ ਤੇ ਮੇਲ ਜੋਲ ਘੱਟ ਹੁੰਦਾ ਗਿਆ। ਆਪਣਾ ਪਰਵਾਰ ਦੂਰ ਹੋਇਆ, ਤਦ ਨਵੇਂ ਲੋਕਾਂ ਨਾਲ ਜੁੜ ਕੇ ਨਵਾਂ ਪਰਵਾਰ, ਭਾਵ ਦੋਸਤਾਂ ਮਿੱਤਰਾਂ ਦਾ ਪਰਵਾਰ ਤਿਆਰ ਹੋਣ ਲੱਾ ਅਤੇ ਨਜ਼ਦੀਕੀਆਂ ਵਧਣ ਲੱਗ ਪਈਆਂ। ਇਹ ਗੱਲ ਨਹੀਂ ਕਿ ਦੋਸਤੀ ਦਾ ਰਿਸ਼ਤਾ ਵਧਣ ਨਾਲ ਪਰਵਾਰ ਦਾ ਮਹੱਤਵ ਘੱਟ ਗਿਆ ਹੈ। ਇਸ ਦਾ ਮੁੱਖ ਕਾਰਨ ਹੈ ਕਿ ਪਰਵਾਰ ਤੋਂ ਦੂਰ ਹੋਣ ਕਰਕੇ ਜ਼ਰੂਰਤ ਪੈਣ 'ਤੇ ਭਾਵਨਾਤਮਕ ਮਦਦ ਜਾਂ ਕਿਸੇ ਦੀ ਫੌਰੀ ਮਦਦ ਲਈ ਦੋਸਤ ਜਾਂ ਗੁਆਂਢੀ ਦੀ ਜਲਦੀ ਤੇ ਸਹਿਜ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਇਕ ਦੂਸਰੇ ਦੀ ਮਦਦ ਜਾਂ ਸਹਿਯੋਗ ਦਿੰਦੇ ਲੈਂਦੇ ਹੋਇਆਂ ਅਸੀਂ ਇਨ੍ਹਾਂ ਦੇ ਆਦੀ ਹੋ ਜਾਂਦੇ ਹਾਂ, ਇਨ੍ਹਾਂ ਦੇ ਅਹਿਸਾਨਮੰਦ ਹੋ ਜਾਂਦੇ ਹਾਂ ਅਤੇ ਫਿਰ ਇਹ ਪਰਵਾਰਕ ਮੈਂਬਰ ਵਾਂਗ ਹੀ ਪਿਆਰੇ ਅਤੇ ਅਟੁੱਟ ਹੋ ਜਾਂਦੇ ਹਨ। ਇਸ ਹਾਲਾਤ ਦੀ ਉਪਜ ਦਾ ਇਕ ਹੋਰ ਜੋ ਪ੍ਰਮੁੱਖ ਕਾਰਨ ਹੈ, ਉਹ ਹੈ ਆਜ਼ਾਦੀ। ਜ਼ਿੰਦਗੀ ਨੂੰ ਆਪਣੇ ਹਿਸਾਬ ਨਾਲ ਜਿਊਣ ਦੀ ਆਜ਼ਾਦੀ ਜੋ ਪਰੰਪਰਾ 'ਚ ਬੱਝੇ ਪਰਵਾਰਾਂ 'ਚ ਨਹੀਂ ਮਿਲ ਸਕਦੀ। ਪਰਵਾਰਾਂ ਦੇ ਨਿਯਮ, ਛੋਟੇ-ਵੱਡੇ ਦਾ ਲਿਹਾਜ, ਆਦਰ ਸਤਿਕਾਰ ਸਭ ਬਰੇ ਸੋਚਣਾ ਪੈਂਦਾ ਹੈ। ਜੋ ਬੰਧਨ ਜਿਹਾ ਲੱਗਦਾ ਹੈ। ਦੋਸਤ ਨਾ ਤੁਹਾਡੀ ਨਿੱਜੀ ਜ਼ਿੰਦਗੀ 'ਚ ਦਾਖਲ ਦਿੰਦੇ ਹਨ, ਨਾ ਤੁਹਾਡੀ ਜੀਵਨਸ਼ੈਲੀ ਜਾਂ ਫੈਸਲਿਆਂ ਬਾਰੇ ਸੁਆਲ ਪੁੱਛਦੇ ਹਨ। ਜਦੋਂ ਕਿ ਪਰਵਾਰ 'ਚ ਇਹ ਖੁੱਲ੍ਹ ਕਦੇ-ਕਦੇ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ।

ਦੋਸਤ ਤੁਹਾਨੂੰ ਜੱਜ ਨਹੀਂ ਕਰਦੇ। ਤੁਸੀਂ ਜਿਵੇਂ ਹੋ, ਉਸੇ ਰੂਪ 'ਚ ਸਵੀਕਾਰ ਕਰਦੇ ਹਨ। ਗਲਤੀਆਂ ਕਰਨ 'ਤੇ ਤੁਹਾਨੂੰ ਸਮਝਾਉਂਦੇ ਵੀ ਹਨ, ਪਰ ਆਲੋਚਨਾਤਮਕ ਤਰੀਕਾ ਨਹੀਂ ਅਪਣਾਉਂਦੇ, ਬਲਕਿ ਤੁਹਾਡੀ ਜ਼ਿੰਦਗੀ 'ਚ ਮਦਦਗਾਰ ਬਣ ਜਾਂਦੇ ਹਨ। ਇਸ ਲਈ ਅੱਜ ਦੀ ਨੌਜਵਾਨ ਪੀੜ੍ਹੀ ਦੋਸਤਾਂ ਨਾਲ ਵੱਧ ਸਹਿਜ ਮਹਿਸੂਸ ਕਰਦੀ ਹੈ। ਅੱਜ ਦੇਸ਼ ਵਿਦੇਸ਼ 'ਚ ਮਨਚ-'ਹਿਆ ਰੁਜ਼ਗਾਰ ਤਲਾਸ਼ਦੀ ਨੌਜਵਾਨ ਪੀੜ੍ਹੀ ਕਿਤੇ ਵੀ ਜਾਣ ਜਾਂ ਵੱਸਣ ਲਈ ਤਿਆਰ ਹੈ। ਜੀਵਨ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤਣਾਅਪੂਰਨ ਹੋ ਗਿਆ ਹੈ। ਅੱਜ ਕੰਮ ਹੀ ਸਭ ਕੁਝ ਹੈ। ਜੀਵਨ 'ਚ ਕੁਝ ਵੀ ਸਥਾਈ ਨਹੀਂ। ਨਾ ਨੌਕਰੀ, ਨਾ ਰਿਸ਼ਤੇ। ਇਸ ਲਈ ਦੂਰ ਵਸਦੇ ਲੋਕਾਂ ਲਈ ਦੋਸਤੀ ਮਹੱਤਵ ਪੂਰਨ ਹੋ ਜਾਂਦੀ ਹੈ ਅਤੇ ਉਮੀਦ ਵੀ ਬਣ ਜਾਂਦੀ ਹੈ।

ਦੋਸਤੀ ਇਕ ਅਜਿਹਾ ਪਰਵਾਰ ਹੁੰਦਾ ਹੈ, ਜਿਸ ਨੂੰ ਤੁਸੀਂ ਆਪਣੇ ਮਨ ਨਾਲ ਚੁਣਦੇ ਹੋ ਅਤੇ ਦਿਲ ਨਾਲ ਹੰਢਾਉਂਦੇ ਹੋ। ਦੋਸਤੀ ਦਾ ਰਿਸ਼ਤਾ ਤੁਹਾਡੀ ਮਜਬੂਰੀ ਨਹੀਂ। ਇਸ ਲਈ ਇਸ ਨਾਲ ਵੱਧ ਆਜ਼ਾਦੀ ਮਹਿਸੂਸ ਕਰਦੇ ਹੋ। ਇਨ੍ਹਾਂ ਨਾਲ ਤੁਸੀਂ ਖੁੱਲ੍ਹ ਕੇ ਗੱਲਬਾਤ ਕਰ ਸਕਦੇ ਹੋ। ਦਰਅਸਲ ਇਕ ਸੱਚਾ ਮਿੱਤਰ ਤੁਹਾਡੀ ਮਿਹਨਤ ਅਤੇ ਕਾਬਲੀਅਤ ਉਭਾਰਨ 'ਚ ਵੀ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ। ਹਮਉਮਰ ਹੋਣ ਕਰਕੇ ਤੁਹਾਨੂੰ ਪ੍ਰਭਾਵਿਤ ਵੀ ਕਰਦਾ ਹੈ। ਹਰ ਮੁਸ਼ਕਲ ਵਿੱਚ ਪੂਰਾ ਸਹਿਯੋਗ ਦੇਣ ਲਈ ਤਿਆਰ ਵੀ ਰਹਿੰਦਾ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep
SOLD $645,000 Darcel/Brandon Gate — ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood — 5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE $3,249,000 Niagara Falls Ontario — ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $1,129,900 Castlemore/Goreway — 4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।



## ਅਜੇ ਵੀ ਅਮਰੀਕੀ ਜੇਲ੍ਹਾਂ ਵਿੱਚ ਭਾਰਤੀ ਮੂਲ ਦੇ 2382 ਨਾਗਰਿਕ ਨਜ਼ਰਬੰਦ : ਚਾਹਲ



ਜਲੰਧਰ, 12 ਨਵੰਬਰ (ਪੋਸਟ ਬਿਊਰੋ)- ਇੱਕ ਤਾਜ਼ਾ ਜਾਣਕਾਰੀ ਮੁਤਾਬਕ ਭਾਰਤੀ ਮੂਲ ਦੇ 2382 ਨਾਗਰਿਕ, ਜਿਨ੍ਹਾਂ ਵਿੱਚੋਂ ਬਹੁਤੇ ਪੰਜਾਬ ਤੇ ਗੁਜਰਾਤ ਨਾਲ ਸੰਬੰਧਤ ਹਨ, ਅਜੇ ਵੀ ਅਮਰੀਕਾ ਦੀਆਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ।

ਇਸ ਬਾਰੇ ਕੱਲ੍ਹ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸਤਨਾਮ ਸਿੰਘ ਚਾਹਲ ਨੇ ਇੱਕ ਪ੍ਰੈੱਸ ਨੋਟ ਰਾਹੀਂ ਦੱਸਿਆ ਕਿ ਅਮਰੀਕਾ ਦੇ ਫਰੀਡਮ ਆਫ ਇਨਫਰਮੇਸ਼ਨ ਐਕਟ ਹੇਠ ਸੂਚਨਾ ਪ੍ਰਾਪਤ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਭਾਰਤੀ ਮੂਲ ਦੇ ਇਹ ਸਾਰੇ ਲੋਕ ਅਮਰੀਕਾ ਦੇ ਇਮੀਗਰੇਸ਼ਨ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਵੱਖ-ਵੱਖ ਮੌਕਿਆਂ ਉੱਤੇ ਫੜੇ ਗਏ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਨਜ਼ਰਬੰਦ ਕੈਦੀ ਓਥੇ ਸਿਆਸੀ ਸ਼ਰਨ ਦੀ ਮੰਗ ਕਰ ਰਹੇ ਹਨ। ਇਨ੍ਹਾਂ 2382 ਕੈਦੀਆਂ ਵਿੱਚੋਂ 891 ਕੈਦੀ ਕੈਲੀਫੋਰਨੀਆ ਦੀਆਂ ਜੇਲ੍ਹਾਂ ਵਿੱਚ ਅਤੇ 52 ਕੈਦੀ ਨਿਊ ਯਾਰਕ ਦੀਆਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ। ਚਾਹਲ ਨੇ ਇਸ ਗੱਲ ਉੱਤੇ ਦੁੱਖ ਪ੍ਰਗਟ ਕੀਤਾ ਕਿ ਪੰਜਾਬ ਵਿੱਚ ਮਨੁੱਖੀ ਸਮੱਗਲਿੰਗ ਦਾ ਧੰਦਾ ਦਿਨੋ-ਦਿਨ ਵਧ ਰਿਹਾ ਹੈ। ਇਸ ਧੰਦੇ ਨੂੰ ਰੋਕਣ ਲਈ ਭਾਵੇਂ ਰਾਜ ਸਰਕਾਰ ਨੇ ਬੜੇ ਸਖਤ ਕਾਨੂੰਨ ਬਣਾ ਰੱਖੇ ਹਨ, ਪਰ ਇਸ ਨੂੰ ਰੋਕਣ ਵਾਲੀਆਂ ਏਜੰਸੀਆਂ ਤੇ ਵਿਭਾਗਾਂ ਵਿੱਚ ਇੱਛਾ ਸ਼ਕਤੀ ਦੀ ਬਹੁਤ ਘਾਟ ਹੋਣ ਕਾਰਨ ਅੱਜ ਵੀ ਮਨੁੱਖੀ ਸਮੱਗਲਿੰਗ ਦਾ ਧੰਦਾ ਸ਼ਰੇਆਮ ਹੋ ਰਿਹਾ ਹੈ। ਚਾਹਲ ਨੇ ਲੋਕਾਂ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਪੰਜਾਬ ਵਿੱਚੋਂ ਮਨੁੱਖੀ ਸਮੱਗਲਿੰਗ ਦਾ ਧੰਦਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਇੱਕ ਹੋਰ ਮਾਲਟਾ ਕਾਂਡ ਵਰਗਾ ਦੁਖਾਂਤ ਵਾਪਰ ਸਕਦਾ ਹੈ। ਚਾਹਲ ਨੇ ਦੱਸਿਆ ਕਿ ਜੇਲ੍ਹਾਂ ਵਿੱਚ ਜਿਹੜੇ ਭਾਰਤੀ ਮੂਲ ਦੇ ਲੋਕ ਨਜ਼ਰਬੰਦ ਹੋ ਜਾਂਦੇ ਹਨ, ਉਨ੍ਹਾਂ ਵਿੱਚੋਂ ਬਹੁਤੇ ਮੈਕਸੀਕੋ ਤੋਂ ਅਮਰੀਕਾ ਦਾ ਬਾਰਡਰ ਪਾਰ ਕਰਦੇ ਸਮੇਂ ਫੜੇ ਜਾਂਦੇ ਹਨ ਤੇ ਕੁਝ ਇੱਕ ਅਮਰੀਕਾ ਅੰਦਰ ਅਮਰੀਕਾ ਦੇ ਇਮੀਗਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰਦੇ ਗ੍ਰਿਫਤਾਰ ਕਰ ਲਏ ਜਾਂਦੇ ਹਨ।

# ਹਰਿਆਣਾ 'ਚ 600 ਸ਼ੈਲਰ ਬੰਦ ਹੋਣ ਨਾਲ ਪੰਜਾਬ ਦੇ ਕਿਸਾਨਾਂ 'ਤੇ ਅਸਰ ਪੈਣ ਲੱਗਾ



ਜਲੰਧਰ, 12 ਨਵੰਬਰ (ਪੋਸਟ ਬਿਊਰੋ)- ਦਿੱਲੀ ਦੇ ਪ੍ਰਦੂਸ਼ਣ ਕਰਕੇ ਕੇਂਦਰ ਸਰਕਾਰ ਵੱਲੋਂ ਕੌਮੀ ਰਾਜਧਾਨੀ ਖੇਤਰ (ਐਨ ਸੀ ਆਰ) ਦੇ ਨਾਲ 120 ਕਿਲੋਮੀਟਰ ਦੀ ਰੇਂਜ ਵਿੱਚ ਸਾਰੇ ਸ਼ੈਲਰ ਬੰਦ ਕਰਨ ਦੇ ਫੈਸਲੇ ਨਾਲ ਜਿਥੇ ਹਰਿਆਣਾ ਦੇ 600 ਸ਼ੈਲਰ ਬੰਦ ਹੋ ਗਏ ਤੇ ਇਸ ਦਾ ਅਸਰ ਪੰਜਾਬ ਵਿੱਚ ਝੋਨੇ ਦੀ ਖਰੀਦ 'ਤੇ ਪੈਣ ਦਾ ਡਰ ਪੈ ਗਿਆ ਹੈ।

ਆਲ ਇੰਡੀਆ ਰਾਈਸ ਐਕਸਪੋਰਟਸ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਸੇਤੀਆ ਨੇ ਕੇਂਦਰ ਸਰਕਾਰ ਵੱਲੋਂ ਸ਼ੈਲਰ ਬੰਦ ਕਰਾਉਣ ਦੇ ਫੈਸਲੇ ਤੋਂ ਨਾਰਾਜ਼ ਹੋ ਕੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਭੂਰੇ ਲਾਲ ਨੂੰ ਲਿਖੀ ਚਿੱਠੀ ਵਿੱਚ ਕਿਹਾ ਹੈ ਕਿ ਜੇ ਸ਼ੈਲਰਾਂ ਨੂੰ ਜਲਦੀ ਨਾ ਖੋਲ੍ਹਿਆ ਗਿਆ ਤਾਂ ਛੜਾਈ ਹੋਣ ਲਈ ਪੈਡੀ ਖਰਾਬ ਹੋਣ ਦਾ ਖਤਰਾ ਵਧਦਾ ਜਾਵੇਗਾ ਤਾਂ ਸ਼ੈਲਰ ਮਾਲਕ ਇਹ ਪੈਡੀ ਸਰਕਾਰ ਹਵਾਲੇ ਕਰ ਦੇਣਗੇ ਕਿ ਉਹ ਆਪ ਹੀ ਇਨ੍ਹਾਂ ਦੇ ਚੌਲ ਤਿਆਰ ਕਰਾਵੇ। ਵਿਜੇ ਸੇਤੀਆ ਦਾ ਕਹਿਣਾ ਸੀ ਕਿ 120 ਕਿਲੋਮੀਟਰ ਦੀ ਰੇਂਜ ਵਿੱਚ ਸਾਰੇ ਸ਼ੈਲਰ ਬੰਦ ਕਰ ਦਿੱਤੇ ਗਏ ਅਤੇ ਜਿਨ੍ਹਾਂ ਰਾਜਾਂ 'ਚ ਸ਼ੈਲਰ ਬੰਦ ਹੋਏ ਹਨ, ਉਨ੍ਹਾਂ ਵਿੱਚ ਹਰਿਆਣਾ ਤੇ ਦਿੱਲੀ ਦੇ ਨਾਲ ਲੱਗਦੇ ਰਾਜਾਂ ਦੇ ਸ਼ੈਲਰ ਵੀ ਹਨ। ਸੇਤੀਆ ਨੇ ਕਿਹਾ ਕਿ ਕਰਨਾਲ, ਪਾਨੀਪਤ, ਕੁਰੂਕਸ਼ੇਤਰ ਵਰਗੇ ਕਈ ਜ਼ਿਲੇ ਹਨ, ਜਿਥੇ ਕਿਸੇ ਤਰ੍ਹਾਂ ਦਾ ਵੀ ਪ੍ਰਦੂਸ਼ਣ ਨਹੀਂ ਤਾਂ ਉਥੇ ਸ਼ੈਲਰ ਕਿਉਂ ਬੰਦ ਕਰਵਾਏ ਗਏ। ਹਰਿਆਣਾ 'ਚ ਛੇ ਅਕਤੂਬਰ ਤੋਂ ਸ਼ੈਲਰ ਬੰਦ ਹਨ, ਜਿਸ ਕਰਕੇ ਸ਼ੈਲਰਾਂ ਵਿੱਚ ਪਿਆ ਝੋਨਾ ਖਰਾਬ ਹੋ ਸਕਦਾ ਹੈ। 600 ਸ਼ੈਲਰਾਂ ਦੇ ਬੰਦ ਹੋਣ ਦਾ ਅਸਰ ਝੋਨੇ ਦੇ ਭਾਅ 'ਤੇ ਪੈਣਾ ਸ਼ੁਰੂ ਹੋ ਗਿਆ ਹੈ। ਕਈ ਵਪਾਰੀ ਕਿਸਾਨਾਂ ਕੋਲੋਂ 100 ਰੁਪਏ ਤੋਂ 150 ਰੁਪਏ ਕੁਇੰਟਲ ਸਸਤਾ ਝੋਨੇ ਦੀ ਖਰੀਦ ਕਰ ਰਹੇ ਹਨ। ਪੰਜਾਬ ਵਿੱਚ ਜਿਹੜੇ ਨਿੱਜੀ ਲੋਕ ਝੋਨੇ ਦੀ ਖਰੀਦ ਕਰਨ ਦੇ ਚਾਹਵਾਨ ਸਨ, ਉਨ੍ਹਾਂ ਨੇ ਹੁਣ 100 ਤੋਂ ਲੈ ਕੇ 150 ਰੁਪਏ ਕੁਇੰਟਲ ਵਿੱਚ ਸਸਤਾ ਝੋਨਾ ਮਿਲਣ ਦੀ ਆਸ ਵਿੱਚ ਹਰਿਆਣਾ ਵੱਲ ਕੂਚ ਕਰ ਦਿੱਤਾ ਹੈ। ਇਸ ਨਾਲ ਪੰਜਾਬ ਦੇ ਕਿਸਾਨਾਂ ਦਾ ਵੀ ਨੁਕਸਾਨ ਹੈ।

## ਪੱਟੀ ਮੰਡੀ ਵਿੱਚ ਦੋ ਖਰੀਦ ਇੰਸਪੈਕਟਰ ਸਸਪੈਂਡ

ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਪੱਟੀ (ਜ਼ਿਲਾ ਤਰਨ ਤਾਰਨ) ਦੀ ਅਨਾਜ ਮੰਡੀ 'ਚ ਝੋਨੇ ਦੀ ਫਰਜ਼ੀ ਬਿਲਿੰਗ ਦਾ ਮਾਮਲਾ ਸਾਹਮਣੇ ਆਉਣ ਪਿੱਛੋਂ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਟੀਮ ਵੱਲੋਂ ਜਾਂਚ ਵਿੱਚ ਕਈ ਬੇਨਿਯਮੀਆਂ ਸਾਹਮਣੇ ਆਈਆਂ, ਜਿਸ ਦੇ ਬਾਅਦ ਇਸ ਮੰਡੀ 'ਚ ਖਰੀਦ ਲਈ ਜ਼ਿੰਮੇਵਾਰ ਮਾਰਕਫੈਡ ਅਤੇ ਪਨਗਰੇਨ ਦੇ ਖਰੀਦ ਇੰਸਪੈਕਟਰਾਂ ਨੂੰ ਸਸਪੈਂਡ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਪੱਟੀ ਮੰਡੀ 'ਚ ਮਾਰਕਫੈਡ ਤੇ ਪਨਗਰੇਨ ਨੂੰ ਖਰੀਦ ਤੋਂ ਰੋਕ ਦਿੱਤਾ ਗਿਆ ਹੈ ਤੇ ਇਸ ਮੰਡੀ 'ਚ ਪੰਜਾਬ ਐਗਰੋ ਅਤੇ ਪਨਸਪ ਵੱਲੋਂ ਹੀ ਖਰੀਦ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਇਸ ਮੰਡੀ 'ਚ ਖਰੀਦ ਵਿੱਚ ਬੇਨਿਯਮੀਆਂ ਬਾਰੇ ਸ਼ਿਕਾਇਤਾਂ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੂੰ ਮਿਲੀਆਂ ਸਨ, ਜਿਨ੍ਹਾਂ ਨੇ ਵਿਭਾਗ ਅਧਿਕਾਰੀਆਂ ਦੀ ਜਾਂਚ ਟੀਮ ਮੌਕੇ 'ਤੇ ਭੇਜੀ ਤਾਂ ਇਸ ਟੀਮ ਨੇ ਖਰੀਦ ਵਿੱਚ ਕਈ ਊਣਤਾਈਆਂ ਫੜੀਆਂ, ਜਿਵੇਂ ਪਨਗਰੇਨ ਦੇ ਇੰਸਪੈਕਟਰ ਨੇ ਤੈਅ ਖਰੀਦ ਹੱਦ 25 ਫੀਸਦੀ ਤੋਂ ਵੱਧ 44 ਫੀਸਦੀ ਖਰੀਦ ਕੀਤੀ ਸੀ। ਪੱਟੀ ਮੰਡੀ ਵਿੱਚ ਵੱਖ-ਵੱਖ ਏਜੰਸੀਆਂ ਵਿਚਾਲੇ ਫੜ੍ਹਾਂ ਦੀ ਵੰਡ ਵੀ ਨਹੀਂ ਕੀਤੀ ਗਈ ਅਤੇ ਖਰੀਦ ਰਜਿਸਟਰ ਵੀ ਨਹੀਂ ਲਾਇਆ ਗਿਆ। ਇਸ ਇੰਸਪੈਕਟਰ ਨੇ 22 ਤੋਂ 31 ਅਕਤੂਬਰ ਵਿਚਾਲੇ ਕੋਈ ਖਰੀਦ ਨਹੀਂ ਕੀਤੀ ਅਤੇ ਬਿਨਾਂ ਖਰੀਦ ਲਿਖੇ 28,653 ਬੋਰੀਆਂ ਝੋਨਾ ਚੁਕਵਾ ਦਿੱਤਾ, ਜਿਸ ਦੀ ਖਰੀਦ ਬਾਅਦ ਵਿੱਚ ਪਹਿਲੀ ਅਤੇ ਦੋ ਨਵੰਬਰ ਨੂੰ ਇਕੱਠੀ ਪਾਈ ਗਈ। ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਝੋਨੇ ਦੀ ਖਰੀਦ 'ਚ ਫਰਜ਼ੀ ਬਿਲਿੰਗ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੰਡੀ ਵਿੱਚ ਕਿਸਾਨਾਂ ਨੂੰ ਫਸਲ ਵੇਚਣ ਸਮੇਂ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

## ਜਲੰਧਰ ਸ਼ਹਿਰ ਨੈਸ਼ਨਲ ਰੈਂਕਿੰਗ ਵਿੱਚ 88ਵੇਂ ਨੰਬਰ ਤੋਂ 74ਵੇਂ 'ਤੇ ਪੁੱਜਾ

ਜਲੰਧਰ, 12 ਨਵੰਬਰ (ਪੋਸਟ ਬਿਊਰੋ)- ਆਮ ਲੋਕਾਂ ਦੀ ਨਜ਼ਰ ਵਿੱਚ ਚਾਰੇ ਜਲੰਧਰ ਕੂੜੇ ਦੇ ਢੇਰ ਵਿੱਚ ਬਦਲ ਰਿਹਾ ਹੋਵੇ, ਸੜਕਾਂ ਦੀ ਹਾਲਤ ਬਦਹਾਲ ਹੋਵੇ, ਵਿਕਾਸ ਦਾ ਹਰ ਕੰਮ ਰੁਕਿਆ ਹੋਵੇ, ਪਰ ਸਮਾਰਟ ਸਿਟੀ ਪ੍ਰੋਜੈਕਟ ਦੇ ਤਹਿਤ ਜਲੰਧਰ ਨੇ ਲੰਬੀ ਛਾਲ ਮਾਰੀ ਹੈ। ਇਹ 14 ਨੰਬਰ ਦੇ ਸੁਧਾਰ ਦੇ ਨਾਲ ਨੈਸ਼ਨਲ ਰੈਂਕਿੰਗ ਵਿੱਚ 74ਵੇਂ ਨੰਬਰ ਉੱਤੇ ਪਹੁੰਚ ਗਿਆ ਹੈ, ਜਦ ਕਿ ਇਸ ਤੋਂ ਪਹਿਲਾ ਜਲੰਧਰ ਦੀ ਨੈਸ਼ਨਲ ਰੈਂਕਿੰਗ 88 ਸੀ।

ਜਲੰਧਰ ਸ਼ਹਿਰ ਦੀ ਇਹ ਰੈਂਕਿੰਗ ਹਰ ਮਹੀਨੇ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਟੈਂਡਰ, ਕੁੱਲ ਜਾਰੀ ਕੀਤੇ ਗਏ ਵਰਕ ਆਰਡਰ, ਪੂਰੇ ਹੋਏ ਕੰਮਾਂ ਦੀ ਕੀਮਤ ਅਤੇ ਉਨ੍ਹਾਂ ਵੱਲੋਂ ਜਮ੍ਹਾ ਕਰਵਾਏ ਯੂਟੀਲਾਈਜ਼ੇਸ਼ਨ ਸਰਟੀਫਿਕੇਟ ਦੇ ਆਧਾਰ ਉਤੇ ਕੀਤੀ ਜਾਂਦੀ ਹੈ। ਇਸ ਪ੍ਰੋਜੈਕਟ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਨਾਲ ਜਲੰਧਰ ਨੇ ਆਪਣੀ ਰੈਂਕਿੰਗ ਵਿੱਚ ਸੁਧਾਰ ਕਰਦੇ ਹੋਏ ਇੰਫਾਲ, ਬੈਂਗਲੁਰੂ, ਦੇਹਰਾ ਘਾਟੀ, ਸ੍ਰੀਨਗਰ, ਪੁੱਡੂਚੇਰੀ, ਤ੍ਰਿਵੇਂਦਰਮ, ਅੰਮ੍ਰਿਤਸਰ, ਗੰਗਟੋਕ, ਨਯਾ ਕੋਲਕਾਤਾ, ਪੋਰਟ ਬਲੇਅਰ, ਕਰਨਾਲ, ਸਹਾਰਨਪੁਰ, ਮੁਰਾਦਾਬਾਦ ਅਤੇ ਹੋਰ ਸ਼ਹਿਰਾਂ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਬਾਰੇ ਸਮਾਰਟ ਸਿਟੀ ਪ੍ਰੋਜੈਕਟ ਦੇ ਸੀ ਈ ਓ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਰੈਂਕਿੰਗ ਵਿੱਚ ਸੁਧਾਰ ਸਾਰੀ ਟੀਮ ਵੱਲੋਂ ਕੀਤੇ ਯੋਗ ਅਤੇ ਸਾਰਥਕ ਯਤਨਾਂ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਸਾਰੀ ਟੀਮ ਨੇ ਪ੍ਰੋਜੈਕਟ ਵਿੱਚ ਆਈਆਂ ਮੁਸ਼ਕਿਲਾਂ ਨੂੰ ਦੂਰ ਕਰਦੇ ਹੋਏ ਇਸ ਨੂੰ ਵਧੀਆ ਢੰਗ ਨਾਲ ਲਾਗੂ ਕਰਨ ਵਿੱਚ ਸਹਿਯੋਗ ਦਿੱਤਾ, ਜਿਸ ਨਾਲ ਪ੍ਰੋਜੈਕਟ ਕੰਮਾਂ ਵਿੱਚ ਤੇਜ਼ੀ ਆਈ ਅਤੇ ਲੋਕਾਂ ਨੂੰ ਆਧੁਨਿਕ ਸੁਵਿਧਾਵਾਂ ਮਿਲਣ ਦਾ ਰਸਤਾ ਸਾਫ ਹੋਇਆ।

## ਕਾਲਜ ਨਾ ਬਣਾਉਣ ਕਾਰਨ ਬਾਬਾ ਬੜੂੰਦੀ ਤੋਂ ਲੋਕਾਂ ਨੇ 32 ਸਾਲਾਂ ਪਿੱਛੋਂ ਜ਼ਮੀਨ ਵਾਪਸ ਲਈ

ਜਗਰਾਓਂ, 12 ਨਵੰਬਰ (ਪੋਸਟ ਬਿਊਰੋ)- ਸਵਾ ਤਿੰਨ ਦਹਾਕੇ ਪਹਿਲਾਂ ਇੱਕ ਬਾਬਾ ਨੂੰ ਕਾਲਜ ਬਣਾਉਣ ਲਈ ਦਿੱਤੀ 17 ਏਕੜ ਜ਼ਮੀਨ 'ਤੇ ਕਾਲਜ ਨਾ ਬਣਾਉਣ ਕਾਰਨ ਪਿੰਡ ਚੱਕਰ ਦੇ ਲੋਕਾਂ ਨੇ ਬਾਬੇ ਦੇ ਕਬਜ਼ੇ ਤੋਂ ਜ਼ਮੀਨ ਛੁਡਾ ਲਈ। ਪਿੰਡ ਵਾਸੀਆਂ ਨੇ ਜ਼ਮੀਨ ਉੱਤੇ ਪੰਚ-ਾਇਤ ਦੀ ਅਗਵਾਈ ਵਿੱਚ ਖੇਤੀ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ 32 ਸਾਲ ਪਹਿਲਾਂ ਬਾਬਾ ਅਮਰ ਸਿੰਘ ਬੜੂੰਦੀ, ਜਿਨ੍ਹਾਂ ਦਾ ਜੱਦੀ ਪਿੰਡ ਚਕਰ ਹੈ, ਨੇ ਪੰਚਾਇਤ ਦੀ 17 ਏਕੜ ਜ਼ਮੀਨ 'ਤੇ ਪੋਲੀਟੈਕਨੀਕਲ ਕਾਲਜ ਬਣਾਉਣ ਦਾ ਐਲਾਨ ਕੀਤਾ ਸੀ। ਇਸ ਪਿੱਛੋਂ ਪੰਚ-ਾਇਤ ਨੇ ਕਾਲਜ ਬਣਾਉਣ ਲਈ 17 ਏਕੜ ਜ਼ਮੀਨ ਬਾਬੇ ਨੂੰ ਸੌਂਪ ਦਿੱਤੀ, ਪਰ ਦਿਨ, ਮਹੀਨੇ, ਸਾਲ ਬੀਤ ਗਏ ਤੇ ਬਾਬੇ ਨੇ ਇਸ ਨੂੰ ਅਮਲੀ ਰੂਪ ਨਹੀਂ ਦਿੱਤਾ। ਇਹ ਸਿਲਸਿਲਾ 30 ਸਾਲ ਜਾਰੀ ਰਿਹਾ ਅਤੇ ਬਾਬਾ ਇਸ ਜ਼ਮੀਨ 'ਤੇ ਖੇਤੀ ਕਰਦਾ ਰਿਹਾ। ਆਖਰ ਪਿੰਡ ਵਾਸੀਆਂ ਨੇ ਉਸ ਦੇ ਖਿਲਾਫ ਮੋਰਚਾ ਖੋਲ੍ਹਿਆ, ਪਰ ਅਸਰ ਨਾ ਹੋਇਆ ਤਾਂ ਪੰਚਾਇਤ ਅਦਾਲਤ ਜਾ ਪੁੱਜੀ। ਅਦਾਲਤ ਨੇ ਪਿੰਡ ਚੱਕਰ ਦੀ ਪੰਚਾਇਤ ਦੇ ਹੱਕ ਵਿੱਚ ਫੈਸਲਾ ਕਰ ਕੇ ਬਾਬੇ ਨੂੰ ਜ਼ਮੀਨ ਵਾਪਸ ਕਰਨ ਦਾ ਹੁਕਮ ਦਿੱਤਾ। ਅਦਾਲਤ ਤੋਂ ਹੁਕਮ ਮਿਲਦੇ ਸਾਰ ਕੱਲ੍ਹ ਪਿੰਡ ਦਾ ਇਕੱਠ ਹੋਇਆ, ਜਿਸ ਵਿੱਚ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਵੀ ਪੁੱਜੇ ਹੋਏ ਸਨ। ਪਿੰਡ ਵਾਸੀਆਂ ਨੇ ਗੁਰਦੁਆਰੇ ਵਿੱਚ ਇਸ ਜਿੱਤ 'ਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਜ਼ਮੀਨ ਨੂੰ ਬਾਬੇ ਦੇ 32 ਸਾਲਾਂ ਕਬਜ਼ੇ ਤੋਂ ਮੁਕਤ ਕਰਵਾਇਆ। ਸਰਪੰਚ ਮੇਜਰ ਸਿੰਘ ਮੁਤਾਬਕ ਉਨ੍ਹਾਂ ਨੇ ਕਈ ਯਤਨ ਕੀਤੇ ਸਨ ਕਿ ਬਾਬਾ ਅਮਰ ਸਿੰਘ ਵਾਅਦਾ ਪੂਰਾ ਕਰੇ, ਪਰ ਅਜਿਹਾ ਨਹੀਂ ਹੋ ਸਕਿਆ।

### ਡੇਰਾ ਮੁਖੀ ਨੂੰ ਮੁਆਫੀ:

## ਮੈਂ ਜਾਂਚ ਕਮਿਸ਼ਨ ਨੂੰ ਦਿੱਤੇ ਬਿਆਨ ਉਤੇ ਅੱਜ ਵੀ ਕਾਇਮ ਹਾਂ: ਜਲਾਲ

ਬਠਿੰਡਾ, 12 ਨਵੰਬਰ (ਪੋਸਟ ਬਿਊਰੋ)- ਵਿਵਾਦਾਂ ਵਿੱਚ ਫਸੇ ਹੋਏ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫੀ ਦੇਣ ਅਤੇ ਮੁੰਬਈ ਵਿੱਚ 100 ਕਰੋੜ ਦੇ ਲੈਣ-ਦੇਣ ਦੇ ਦੋਸ਼ ਨਾਲ ਬਾਦਲ ਪਰਵਾਰ ਦੇ ਚਰਚਾ ਵਿੱਚ ਆਉਣ ਬਾਰੇ ਅਕਾਲੀ ਦਲ ਦੀ ਟਿਕਟ ਉੱਤੇ 1977 ਵਿੱਚ ਵਿਧਾਇਕ ਰਹਿ ਚੁੱਕੇ ਹਰਬੰਸ ਸਿੰਘ ਜਲਾਲ ਅੱਜ ਵੀ ਆਪਣੇ ਦੋਸ਼ਾਂ 'ਤੇ ਕਾਇਮ ਹਨ।

ਇਸ ਬਾਰੇ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਵੱਲੋਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਫਿਲਮ ਸਟਾਰ ਅਕਸ਼ੈ ਕੁਮਾਰ ਨੂੰ ਸੰਮਨ ਜਾਰੀ ਕਰਨ ਪਿੱਛੋਂ ਹਰਬੰਸ ਸਿੰਘ ਜਲਾਲ ਨੇ ਕਿਹਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਉਨ੍ਹਾਂ ਨੇ ਉਹੀ ਕੁਝ ਦੱਸਿਆ ਸੀ, ਜੋ ਸੱਚਾਈ ਹੈ। ਇਸ ਦੇ ਇਲਾਵਾ ਉਨ੍ਹਾਂ ਨੇ ਦੂਸਰੀ ਕੋਈ ਗੱਲ ਜਸਟਿਸ ਰਣਜੀਤ ਸਿੰਘ ਜਾਂਚ ਕਮਿਸ਼ਨ ਨਾਲ ਨਹੀਂ ਸੀ ਕੀਤੀ।

ਵਰਨਣ ਯੋਗ ਹੈ ਕਿ ਜਾਂਚ ਕਮਿਸ਼ਨ ਦੀ ਰਿਪੋਰਟ ਪਿੱਛੋਂ ਬਣਾਈ ਗਈ ਐੱਸ ਆਈ ਟੀ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਾਲ ਬਾਲੀਵੁੱਡ ਸਟਾਰ ਅਕਸ਼ੈ ਕੁਮਾਰ ਦੇ ਨਾਂਅ ਸੰਮਨ ਜਾਰੀ ਕਰ ਕੇ ਉਨ੍ਹਾਂ ਨੂੰ ਅੰਮ੍ਰਿਤਸਰ ਐਸ ਆਈ ਟੀ ਸਾਹਮਣੇ ਪੇਸ਼ ਹੋਣ ਨੂੰ ਕਿਹਾ ਹੈ। ਇਸ ਬਾਰੇ ਹਰਬੰਸ ਸਿੰਘ ਜਲਾਲ ਨੇ ਦੱਸਿਆ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਕੋਲ ਉਨ੍ਹਾਂ ਨੇ ਸੱਤ ਪੁਆਇੰਟ ਲਿਖਵਾਏ ਸਨ, ਜਿਸ ਵਿੱਚ ਉਨ੍ਹਾਂ ਨੇ ਡੇਰਾ ਮੁਖੀ ਦੀ ਫਿਲਮ ਨੂੰ ਪੰਜਾਬ ਵਿੱਚ ਚੱਲਣ ਦੇਣ ਅਤੇ ਉਸ ਨੂੰ ਅਕਾਲ ਤਖਤ ਤੋਂ ਮੁਆਫੀ ਦਿਵਾਉਣ ਲਈ ਫਿਲਮ ਸਟਾਰ ਅਕਸ਼ੈ ਕੁਮਾਰ ਦੀ ਸ਼ਮੂਲੀਅਤ ਤੇ ਕਰੀਬ 100 ਕਰੋੜ ਰੁਪਏ ਦੇ ਲੈਣ-ਦੇਣ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਡੀਲ ਪਿੱਛੋਂ ਡੇਰਾ ਮੁਖੀ ਦਾ ਪੰਜਾਬ ਵਿੱਚ ਅਕਾਲੀ ਦਲ ਵੱਲੋਂ ਵਿਰੋਧ ਖਤਮ ਹੋਇਆ ਅਤੇ ਇਸ ਦੇ ਬਾਅਦ ਡੇਰਾ ਮੁਖੀ ਨੂੰ ਮੁਆਫੀ ਦੇ ਇਲਾਵਾ ਉਨ੍ਹਾਂ ਦੀ ਫਿਲਮ ਵੀ ਚਲਾਈ ਗਈ ਸੀ।

## ਫਰੀਦਕੋਟ ਰਾਜੇ ਦੀ ਰਾਜਕੁਮਾਰੀ ਦੀਪਇੰਦਰ ਕੌਰ ਦਾ ਦੇਹਾਂਤ



ਫਰੀਦਕੋਟ, 12 ਨਵੰਬਰ (ਪੋਸਟ ਬਿਊਰੋ)- ਫਰੀਦਕੋਟ ਦੇ ਆਖਰੀ ਹਾਕਮ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਛੋਟੀ ਬੇਟੀ ਦੀਪਇੰਦਰ ਕੌਰ ਮਹਿਤਾਬ (82) ਦਾ ਕੱਲ੍ਹ ਦੁਪਹਿਰ ਦਿਹਾਂਤ ਹੋ ਗਿਆ। ਪੱਛਮੀ ਬੰਗਾਲ ਦੇ ਵਰਧਮਾਨ ਰਾਜ ਘਰਾਣੇ ਵਿੱਚ ਵਿਆਹੀ ਰਾਜਕੁਮਾਰੀ ਦੀਪਇੰਦਰ ਕੌਰ ਮਹਿਤਾਬ ਪਿਛਲੇ ਮਹੀਨੇ ਆਪਣੇ ਪਿਤਾ ਦੀ ਬਰਸੀ ਸਮਾਗਮ 'ਚ ਹਿੱਸਾ ਲੈਣ ਲਈ ਫਰੀਦਕੋਟ ਆਈ ਸੀ। ਇਸ ਦੇ ਬਾਅਦ ਉਹ ਅਚਾਨਕ ਬਿਮਾਰ ਹੋ ਗਈ ਸੀ।

ਮਹਾਰਾਜਾ ਹਰਿੰਦਰ ਸਿੰਘ ਬਰਾੜ ਦੇ ਘਰ ਤਿੰਨ ਧੀਆਂ ਤੇ ਇੱਕ ਬੇਟਾ ਸੀ। ਇਨ੍ਹਾਂ ਵਿੱਚੋਂ ਬੇਟੇ ਦੀ ਮੌਤ ਮਹਾਰਾਜਾ ਦੇ ਜੀਉਂਦੇ ਹੋ ਗਈ ਸੀ। ਧੀਆਂ ਵਿੱਚੋਂ ਵੱਡੀ ਅੰਮ੍ਰਿਤ ਕੌਰ ਨੂੰ ਮਹਾਰਾਜਾ ਨੇ ਬੇਦਖਲ ਕਰ ਦਿੱਤਾ ਸੀ, ਜਦ ਕਿ ਇੱਕ ਬੇਟੀ ਮਹੀਪ ਇੰਦਰ ਕੌਰ ਦਾ ਕਰੀਬ 16 ਸਾਲ ਪਹਿਲਾਂ ਦਿਹਾਂਤ ਹੋ ਗਿਆ ਸੀ। ਰਾਜਕੁਮਾਰੀ ਦੀਪਇੰਦਰ ਕੌਰ ਦਾ ਵਿਆਹ 1959 ਵਿੱਚ ਵਰਧਮਾਨ ਰਿਆਸਤ ਦੇ ਮਹਾਰਾਜਾ ਬੀਰ ਜੈ ਵਰਧਨ ਦੇ ਬੇਟੇ ਸਦਾਚੰਦ ਮਹਿਤਾਬ ਨਾਲ ਹੋਇਆ ਸੀ। ਉਨ੍ਹਾਂ ਦੇ ਇੱਕ ਬੇਟੀ ਨਿਸ਼ਾ ਅਤੇ ਇੱਕ ਬੇਟਾ ਜੈਚੰਦ ਮਹਿਤਾਬ ਹਨ, ਜੋ ਉਨ੍ਹਾਂ ਦੀ ਮੌਤ ਦੇ ਸਮੇਂ ਰਾਜ ਮਹਿਲ ਵਿੱਚ ਮੌਜੂਦ ਸਨ। ਸ਼ਾਹੀ ਪਰਵਾਰ ਦੇ ਸੂਤਰਾਂ ਮੁਤਾਬਕ ਰਾਜਕੁਮਾਰੀ ਮਹਿਤਾਬ ਹਰ ਸਾਲ ਸਤੰਬਰ ਮਹੀਨੇ ਵਿੱਚ ਆਯੋਜਤ ਹੋਣ ਵਾਲੇ ਬਾਬਾ ਫਰੀਦ ਮੇਲੇ ਵਿੱਚ ਸ਼ਾਮਲ ਹੋਣ ਲਈ ਫਰੀਦਕੋਟ ਆਉਂਦੀ ਸੀ। ਇਸ ਵਾਰ ਬਿਮਾਰ ਹੋਣ ਕਾਰਨ ਮੇਲੇ ਵਿੱਚ ਨਹੀਂ ਪਹੁੰਚ ਸਕੀ, ਪਰ 17 ਅਕਤੂਬਰ ਨੂੰ ਆਪਣੇ ਪਿਤਾ ਦੇ ਬਰਸੀ ਸਮਾਗਮ ਵਿੱਚ ਹਿੱਸਾ ਲੈਣ ਲਈ 11 ਅਕਤੂਬਰ ਨੂੰ ਫਰੀਦਕੋਟ ਆਈ ਸੀ। ਇਸੇ ਦੌਰਾਨ ਬਿਮਾਰ ਹੋ ਗਈ। ਵਰਨਣ ਯੋਗ ਹੈ ਕਿ ਦੇਸ਼ ਦੀਆਂ ਸ਼ਾਹੀ ਰਿਆਸਤਾਂ ਵਿੱਚ ਸ਼ਾਮਲ ਫਰੀਦਕੋਟ ਰਿਆਸਤ ਦੇ ਨਾਂਅ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਕਰੋੜਾਂ ਦੀ ਚੱਲ ਅਚੱਲ ਜਾਇਦਾਦ ਹੈ।

## ਸੈਕਸ ਸ਼ੋਸ਼ਣ ਬਾਰੇ ਜਾਂਚ ਲਈ ਸੰਮਨ ਉੱਤੇ ਡੀ ਐਮ ਪੇਸ਼ ਨਹੀਂ ਹੋਇਆ



ਅੰਮ੍ਰਿਤਸਰ, 12 ਨਵੰਬਰ (ਪੋਸਟ ਬਿਊਰੋ)- ਮਾਰਕਫੈਡ ਦੇ ਡਿਸਟ੍ਰਿਕਟ ਮੈਨੇਜਰ (ਡੀ ਐਮ) ਕੁਲਦੀਪ ਸਿੰਘ ਸੈਕਸ ਸ਼ੋਸ਼ਣ ਦੇ ਕੇਸ ਵਿੱਚ ਪੁਲਸ ਦੇ ਸਾਹਮਣੇ ਅਜੇ ਤੱਕ ਪੱਖ ਰੱਖਣ ਲਈ ਪੇਸ਼ ਨਹੀਂ ਹੋਏ। ਡੀ ਐਮ ਵਿਰੁੱਧ ਪੰਜ ਹੋਰ ਪੀੜਤ ਔਰਤਾਂ ਨੇ ਵੀ ਸੀਨੀਅਰ ਅਸਿਸਟੈਂਟ (ਪੀੜਤ ਔਰਤ) ਨਾਲ ਮਿਲ ਕੇ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਦੇ ਦਰਬਾਰ ਵਿੱਚ ਪੇਸ਼ ਹੋ ਕੇ ਇਨਸਾਫ ਦੀ ਗੁਹਾਰ ਲਾਈ ਸੀ। ਮਨੀਸ਼ਾ ਨੇ ਪੁਲਸ ਨੂੰ ਹੁਕਮ ਦਿੱਤੇ ਸਨ ਕਿ ਮਾਮਲੇ ਦੀ ਜਾਂਚ ਦੇ ਬਾਅਦ ਕੇਸ ਦਰਜ ਕੀਤਾ ਜਾਵੇ।

ਇਸ ਸੰਬੰਧ ਵਿੱਚ ਏ ਡੀ ਸੀ ਪੀ ਲਖਬੀਰ ਸਿੰਘ ਨੇ ਦੱਸਿਆ ਕਿ ਮਾਰਕਫੈਡ ਦੇ ਡੀ ਐਮ ਅਜੇ ਤੱਕ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦੇ ਸਾਹਮਣੇ ਪੇਸ਼ ਨਹੀਂ ਹੋਏ। ਪੁਲਸ ਉਨ੍ਹਾਂ ਨੂੰ ਦੂਸਰਾ ਸੰਮਨ ਭੇਜ ਦੇਵੇਗੀ। ਆਮ ਤੌਰ 'ਤੇ ਕਿਸੇ ਵਿਅਕਤੀ ਨੂੰ ਤਿੰਨ ਸੰਮਨ ਭੇਜੇ ਜਾਂਦੇ ਹਨ। ਜੇ ਉਹ ਪੇਸ਼ ਨਾ ਹੋਵੇ ਤਾਂ ਕੇਸ ਦਰਜ ਕਰਨ ਦਾ ਪ੍ਰਬੰਧ ਹੈ। ਪੀੜਤ ਲੜਕੀਆਂ ਨੇ ਪੰਜਾਬ ਮਹਿਲਾ ਕਮਿਸ਼ਨ ਦੇ ਸਾਹਮਣੇ ਪੇਸ਼ ਹੋ ਕੇ ਮਾਰਕਫੈਡ ਦੇ ਡੀ ਐਮ ਕੁਲਦੀਪ ਸਿੰਘ 'ਤੇ ਦੋਸ਼ ਲਾਏ ਸਨ ਕਿ ਉਹ ਪਰੇਸ਼ਾਨ ਕਰ ਚੁੱਕਾ ਹੈ। ਜਦ ਲੜਕੀਆਂ ਵੱਲੋਂ ਵਿਰੋਧ ਕੀਤਾ ਜਾਂਦਾ ਸੀ ਤਾਂ ਉਨ੍ਹਾਂ ਨੂੰ ਧਮਕਾਇਆ ਜਾਂਦਾ ਸੀ।


JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com



PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed




Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4







# ਹਰਿਆਣਾ ਗੁਰਦੁਆਰਾ ਕਮੇਟੀ ਦੇ ਆਗੂਆਂ ਦਾ ਟਕਰਾਅ ਵਧਿਆ

ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਸ਼ੁੱਕਰਵਾਰ ਦੀ ਮੀਟਿੰਗ ਪਿੱਛੋਂ ਪ੍ਰਬੰਧਕ ਕਮੇਟੀ ਦੀ ਚੋਣ ਲਈ ਤਰੀਕ ਦਾ ਐਲਾਨ ਕੀਤਾ ਤਾਂ ਦੂਜੇ ਪਾਸੇ ਕਮੇਟੀ ਦੇ ਜਰਨਲ ਸਕੱਤਰ ਜੋਗਾ ਸਿੰਘ ਨੇ ਨਲਵੀ ਵੱਲੋਂ ਸੱਦੀ ਮੀਟਿੰਗ ਨੂੰ ਕੋਰਮ ਪੂਰਾ ਨਾ ਹੋਣ ਕਾਰਨ ਗ਼ੈਰ-ਕਾਨੂੰਨੀ ਕਰਾਰ ਦੇ ਕੇ ਕਿਹਾ ਕਿ ਇਸ ਮੀਟਿੰਗ ਵਿਚ ਲਏ ਸਭ ਫ਼ੈਸਲੇ ਮੰਨੇ ਨਹੀਂ ਜਾ ਸਕਦੇ।

ਵਰਨਣ ਯੋਗ ਹੈ ਕਿ ਸ਼ੁੱਕਰਵਾਰ ਸ਼ਾਮ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਕਮੇਟੀ ਦੇ ਮੁੱਖ ਦਫ਼ਤਰ ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਨੌਵੀਂ ਵਿਚ ਮੀਟਿੰਗ ਕਰਕੇ 9 ਦਸੰਬਰ ਨੂੰ ਕਾਰਜਕਾਰੀ ਕਮੇਟੀ ਦੀ ਚੋਣ ਕਰਾਉਣ ਦਾ ਐਲਾਨ ਕੀਤਾ ਸੀ। ਨਲਵੀ ਅਨੁਸਾਰ ਜਗਦੀਸ਼ ਸਿੰਘ ਝੀਂਡਾ ਦੀ ਪ੍ਰਧਾਨਗੀ ਵਾਲੀ ਕਮੇਟੀ ਦਾ ਕਾਨੂੰਨੀ ਕਾਰਜਕਾਲ ਸਿਰਫ਼ 18 ਮਹੀਨੇ ਸੀ, ਪਰ ਇਸ ਦੀ ਚੋਣ 4 ਸਾਲ ਨਹੀਂ ਹੋ ਸਕੀ, ਜਿਸ ਕਾਰਨ ਚੋਣ ਕਰਵਾਈ ਜਾਣੀ ਜ਼ਰੂਰੀ ਹੈ ਤਾਂ ਕਿ ਸਰਕਾਰ ਅਤੇ ਅਦਾਲਤ ਨੂੰ ਜਵਾਬ ਦਿੱਤਾ ਜਾ ਸਕੇ। ਨਲਵੀ ਵੱਲੋਂ ਸੱਦੀ ਮੀਟਿੰਗ ਵਿਚ ਸਿਰਫ ਚਾਰ ਮੈਂਬਰ, ਜਿਨ੍ਹਾਂ ਵਿਚ ਖ਼ੁਦ ਦੀਦਾਰ ਸਿੰਘ ਨਲਵੀ, ਮੋਹਨਜੀਤ ਸਿੰਘ, ਜਸਬੀਰ ਸਿੰਘ ਭਾਟੀ ਤੇ ਕਰਨੈਲ ਸਿੰਘ ਏਮਨਾਬਾਦ ਸ਼ਾਮਲ ਹਨ, ਨੇ ਹੀ ਭਾਗ ਲਿਆ ਸੀ। ਇਸ ਦੌਰਾਨ ਐਚ ਐਸ ਜੀ ਪੀ ਸੀ ਦੇ ਜਰਨਲ ਸਕੱਤਰ ਜੋਗਾ ਸਿੰਘ ਨੇ ਕਿਹਾ ਕਿ ਸ਼ੁੱਕਰਵਾਰ ਦੀ ਬੈਠਕ ਦਾ ਸੱਦਾ ਬੇਸ਼ੱਕ ਸਾਰੇ ਮੈਬਰਾਂ ਨੂੰ ਸੀ, ਪਰ ਬਹੁਤੇ ਮੈਂਬਰ ਨਿੱਜੀ ਰੁਝੇਵੇਂ ਕਾਰਨ ਸ਼ਾਮਲ ਨਹੀਂ ਹੋ ਸਕੇ। ਜੋਗਾ ਸਿੰਘ ਨੇ ਕਿਹਾ ਕਿ ਕੋਰਮ ਲਈ ਜ਼ਰੂਰੀ 7 ਮੈਂਬਰ ਮੀਟਿੰਗ ਵਿਚ ਨਹੀਂ ਆਏ, ਇਸ ਲਈ ਇਹ ਮੀਟਿੰਗ ਆਪਣੇ ਆਪ ਗ਼ੈਰ-ਕਾਨੂੰਨੀ ਹੋ ਗਈ। ਇਸ ਕਰ ਕੇ ਦੀਦਾਰ ਸਿੰਘ ਨਲਵੀ ਅਤੇ ਮੈਬਰਾਂ ਵੱਲੋਂ ਲਏ ਫੈਸਲੇ ਵੀ ਗ਼ੈਰ-ਕਾਨੂੰਨੀ ਹਨ। ਉਨ੍ਹਾਂ ਕਿਹਾ ਕਿ ਕਮੇਟੀ ਦੀ ਅਗਲੀ ਬੈਠਕ ਨਵੰਬਰ ਮਹੀਨੇ ਦੇ ਆਖਰੀ ਹਫ਼ਤੇ ਵਿਚ ਬੁਲਾਈ ਜਾਵੇਗੀ। ਉਨ੍ਹਾਂ ਕਿਹਾ ਕਮੇਟੀ ਦੀ 11 ਮੈਂਬਰੀ ਕਾਰਜਕਾਰੀ ਕਮੇਟੀ ਦੇ ਘੱਟੋ ਘੱਟ 7 ਮੈਬਰਾਂ ਦੀ ਹਾਜ਼ਰੀ ਬਿਨਾਂ ਮੀਟਿੰਗ ਜਾਇਜ਼ ਨਹੀਂ ਹੋ ਸਕਦੀ। ਸੀਨੀਅਰ ਉਪ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਕਿਹਾ ਕਿ ਝੀਂਡਾ ਚੋਣ ਤੋਂ ਬਚਣਾ ਚਾਹੁੰਦਾ ਹੈ ਤੇ ਇਸ ਲਈ ਲੰਬੇ ਸਮੇਂ ਤੋਂ ਜਾਣਬੁੱਝ ਕੇ ਮੀਟਿੰਗਾਂ ਤੋਂ ਦੂਰੀ ਬਣਾ ਰਿਹਾ ਹੈ। ਨਲਵੀ ਨੇ ਕਿਹਾ ਕਿ ਝੀਂਡਾ ਗੁੱਟ ਵੱਲੋਂ ਚੋਣ ਨਾ ਕਰਵਾਉਣ ਦੇ ਕਾਰਨ ਜਨਰਲ ਹਾਊਸ ਦੀ ਬੈਠਕ ਬੁਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

# ਛੱਤੀਸਗੜ੍ਹ ਵਿੱਚ ਵੋਟਾਂ ਤੋਂ ਇੱਕ ਦਿਨ ਪਹਿਲਾਂ ਹੋਏ ਛੇ ਧਮਾਕੇ, ਜਵਾਨ ਸ਼ਹੀਦ



ਰਾਏਪੁਰ, 12 ਨਵੰਬਰ (ਪੋਸਟ ਬਿਊਰੋ)- ਛੱਤੀਸਗੜ੍ਹ 'ਚ 12 ਨਵੰਬਰ ਨੂੰ ਪਹਿਲੇ ਗੇੜ ਦੀ ਹੋਣ ਵਾਲੀ ਪੋਲਿੰਗ ਤੋਂ ਇੱਕ ਦਿਨ ਪਹਿਲਾਂ ਨਕਸਲੀਆਂ ਨੇ ਆਪਣੀ ਮੌਜੂਦਗੀ ਦਰਜ ਕਰਵਾਈ ਅਤੇ ਕਾਂਕੇਰ ਵਿਖੇ ਛੇ ਆਈ ਈ ਡੀ ਧਮਾਕੇ ਕੀਤੇ ਤੇ ਸੁਰੱਖਿਆ ਫੋਰਸਾਂ ਦੇ ਜਵਾਨਾਂ 'ਤੇ ਫਾਇਰਿੰਗ ਕੀਤੀ। ਇਸ ਘਟਨਾ 'ਚ ਬੀ ਐੱਸ ਐੱਫ ਦਾ ਸਬ-ਇੰਸਪੈਕਟਰ ਮਹਿੰਦਰ ਸਿੰਘ ਮਾਰਿਆ ਗਿਆ, ਜਿਸ ਨਾਲ ਲੋਕਾਂ ਵਿੱਚ ਦਹਿਸ਼ਤ ਫੈਲ ਗਈ। ਮਿਲੀਆਂ ਖਬਰਾਂ ਮੁਤਾਬਕ ਜ਼ਿਲ੍ਹੇ ਦੇ ਕੋਯਲੀਬੇੜਾ ਥਾਣਾ ਖੇਤਰ ਵਿੱਚ ਬੀ ਐਸ ਐਫ ਦੇ ਜਵਾਨ ਗਸ਼ਤ ਕਰ ਰਹੇ ਸਨ। ਜਦੋਂ ਜਵਾਨ ਕੱਟਾਕਾਲ ਅਤੇ ਗੋਮੇ ਪਿੰਡਾਂ ਦੇ ਦਰਮਿਆਨ ਸਨ ਤਾਂ ਨਕਸਲੀਆਂ ਨੇ ਬਾਰੂਦੀ ਸੁਰੰਗ ਦਾ ਧਮਾਕਾ ਕਰ ਦਿੱਤਾ ਤੇ ਨਾਲ ਉਨ੍ਹਾਂ ਇੱਕ ਤੋਂ ਬਾਅਦ ਇੱਕ ਆਈ ਈ ਡੀ ਧਮਾਕੇ ਕੀਤੇ ਅਤੇ ਨਾਲ ਜਵਾਨਾਂ 'ਤੇ ਅੰਨ੍ਹੇਵਾਹ ਗੋਲੀਆਂ ਵੀ ਚਲਾਈਆਂ। ਮਹਿੰਦਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਤੇ ਉਸ ਨੂੰ ਤੁਰੰਤ ਹਸਪਤਾਲ ਦਾਖਲ ਕਰਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਏਸੇ ਤਰ੍ਹਾਂ ਨਕਸਲ ਪ੍ਰਭਾਵਤ ਬੀਜ਼ਾਪੁਰ ਜ਼ਿਲ੍ਹੇ 'ਚ ਕੱਲ੍ਹ ਪੁਲਸ ਨਾਲ ਹੋਏ ਮੁਕਾਬਲੇ ਦੌਰਾਨ ਇੱਕ ਨਕਸਲੀ ਮਾਰਿਆ ਗਿਆ ਅਤੇ ਇੱਕ ਹੋਰ ਨੂੰ ਜ਼ਿੰਦਾ ਕਾਬੂ ਕਰ ਲਿਆ ਗਿਆ। ਅਧਿਕਾਰੀਆਂ ਮੁਤਾਬਕ ਬੀਜਾਪੁਰ ਜ਼ਿਲ੍ਹੇ ਦੇ ਬੇਦਰੇ ਥਾਣਾ ਖੇਤਰ ਵਿੱਚ ਐੱਸ ਪੀ ਐੱਫ ਦੀ ਇੱਕ ਟੁਕੜੀ ਗਸ਼ਤ ਕਰ ਰਹੀ ਸੀ। ਅਚਾਨਕ ਨਕਸਲੀਆਂ ਨੇ ਟੁਕੜੀ 'ਤੇ ਹਮਲਾ ਕਰ ਦਿੱਤਾ। ਜਵਾਨਾਂ ਨੇ ਜਵਾਬੀ ਕਾਰਵਾਈ ਕੀਤੀ। ਮੁਕਾਬਲੇ ਦੌਰਾਨ ਨਕਸਲੀ ਉਥੋਂ ਫਰਾਰ ਹੋ ਗਏ। ਇਲਾਕੇ ਦੀ ਤਲਾਸ਼ੀ ਲੈਣ 'ਤੇ ਉਥੋਂ ਇੱਕ ਨਕਸਲੀ ਦੀ ਲਾਸ਼, ਦੋ ਰਾਇਫਲਾਂ ਅਤੇ ਹੋਰ ਸਾਮਾਨ ਮਿਲਿਆ। ਮ੍ਰਿਤਕ ਨਕਸਲੀ ਨੇ ਕਾਲੀ ਵਰਦੀ ਪਾਈ ਹੋਈ ਸੀ।

## ਔਰਤਾਂ ਨੂੰ ਪਤੀ ਵੀ ਦਿੰਦੇ ਹਨ ਬੱਚਿਆਂ ਜਿੰਨੀ ਟੈਨਸ਼ਨ



ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਵਿਆਹੀਆਂ ਔਰਤਾਂ ਅਕਸਰ ਸ਼ਿਕਾਇਤ ਕਰਦੀਆਂ ਹਨ ਕਿ ਉਨ੍ਹਾਂ ਦੇ ਪਤੀ ਜ਼ਿੰਮੇਵਾਰੀਆਂ ਦੇ ਮਾਮਲੇ ਵਿੱਚ ਬੱਚਿਆਂ ਵਰਗਾ ਵਤੀਰਾ ਅਪਣਾਉਂਦੇ ਹਨ, ਪਰ ਇੱਕ ਤਾਜ਼ਾ ਸਟੱਡੀ ਤੋਂ ਇਸ ਗੱਲ ਦੀ ਪੂਰੀ ਤਰ੍ਹਾਂ ਪੁਸ਼ਟੀ ਹੋਈ। ਇੱਕ ਵੈੱਬਸਾਈਟ ਵੱਲੋਂ ਕੀਤੇ ਸਰਵੇਖਣ ਤੋਂ ਖੁਲਾਸਾ ਹੋਇਆ ਹੈ ਕਿ ਵਧੇਰੇ ਪਤੀ ਆਪਣੀਆਂ ਪਤਨੀਆਂ ਨੂੰ ਆਪਣੇ ਬੱਚਿਆਂ ਜਿੰਨੀ ਟੈਨਸ਼ਨ ਦਿੰਦੇ ਹਨ। ਇਹੀ ਨਹੀਂ ਉਹ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਦਾ ਚੰਗੀ ਤਰ੍ਹਾਂ ਪਾਲਣ ਨਹੀਂ ਕਰਦੇ। ਇਸ ਕਾਰਨ ਔਰਤਾਂ ਵਿੱਚ ਟੈਨਸ਼ਨ ਪੈਦਾ ਹੋ ਜਾਂਦੀ ਹੈ।

ਇਸ ਸਰਵੇਖਣ ਵਿੱਚ 7000 ਔਰਤਾਂ ਨੂੰ ਸ਼ਾਮਲ ਕੀਤਾ ਗਿਆ ਅਤੇ ਉਨ੍ਹਾਂ ਕੋਲੋਂ ਘਰੇਲੂ ਸਮੱਸਿਆਵਾਂ ਨਾਲ ਜੁੜੇ ਕੁਝ ਸਵਾਲ ਪੁੱਛੇ ਗਏ। ਇਨ੍ਹਾਂ ਵਿੱਚੋਂ ਸਭ ਤੋਂ ਅਹਿਮ ਸਵਾਲ ਇਹ ਸੀ ਕਿ ਉਨ੍ਹਾਂ ਨੂੰ ਕਿਹੜੇ ਕਾਰਨਾਂ ਕਰ ਕੇ ਟੈਨਸ਼ਨ ਦਾ ਸਾਹਮਣਾ ਕਰਨਾ ਪੈਂਦਾ ਹੈ? ਇਸ ਲਈ ਪਰਵਾਰ ਦੇ ਕਿਹੜੇ ਮੈਂਬਰ ਸਭ ਤੋਂ ਵੱਧ ਜ਼ਿੰਮੇਵਾਰ ਹਨ। ਸਵਾਲ ਦੇ ਜਵਾਬ 'ਚ ਕਈ ਔਰਤਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਪਤੀਆਂ ਨੇ ਬੱਚਿਆਂ ਦੇ ਮੁਕਾਬਲੇ ਵੱਧ ਟੈਨਸ਼ਨ ਪਾਈ ਹੈ। ਇਸ ਦਾ ਮੁੱਖ ਕਾਰਨ ਪਤੀਆਂ ਦਾ ਘਰ ਦੀ ਜ਼ਿੰਮੇਵਾਰੀ ਪ੍ਰਤੀ ਗੰਭੀਰਤਾ ਦਿਖਾਉਣਾ ਨਹੀਂ।

# ਮੋਦੀ ਸਰਕਾਰ 149 ਤੇਲ ਅਤੇ ਗੈਸ ਖੇਤਰ ਵੇਚਣ ਉਤੇ ਵਿਚਾਰ ਕਰਨ ਲੱਗੀ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੀ ਤੇਲ ਅਤੇ ਕੁਦਰਤੀ ਗੈਸ ਕਾਰਪੋਰੇਸ਼ਨ (ਓ ਐੱਨ ਜੀ ਸੀ) ਦੇ 149 ਛੋਟੇ ਅਤੇ ਮਾਰਜੀਨਾਲ ਤੇਲ ਤੇ ਗੈਸ ਖੇਤਰਾਂ ਨੂੰ ਨਿੱਜੀ ਤੌਰ ਉਤੇ ਵਿਦੇਸ਼ੀ ਕੰਪਨੀਆਂ ਨੂੰ ਵੇਚਣ 'ਤੇ ਵਿਚਾਰ ਕੀਤੀ ਜਾ ਰਹੀ ਹੈ। ਇਸ ਮਾਮਲੇ ਨਾਲ ਜੁੜੇ ਹੋਏ ਸੂਤਰਾਂ ਨੇ ਦੱਸਿਆ ਹੈ ਕਿ ਸਰਕਾਰ ਚਾਹੁੰਦੀ ਹੈ ਕਿ ਸਰਕਾਰੀ ਖੇਤਰ ਦੀ ਕੰਪਨੀ ਸਿਰਫ ਵੱਡੇ ਖੇਤਰਾਂ ਉੱਤੇ ਹੀ ਧਿਆਨ ਕੇਂਦਰਿਤ ਕਰੇ।

ਜਾਣਕਾਰ ਸੂਤਰਾਂ ਨੇ ਕਿਹਾ ਕਿ ਖੋਜੇ ਗਏ ਛੋਟੇ ਖੇਤਰਾਂ (ਡੀ ਐੱਸ ਐੱਫ) ਦੇ ਬੋਲੀ ਦੌਰ ਨੂੰ ਕੁਝ ਵਧਾਇਆ ਜਾ ਸਕਦਾ ਹੈ। ਇਸ ਵਿੱਚ ਓ ਐੱਨ ਜੀ ਸੀ ਦੇ ਖੋਜੇ ਗਏ ਕੁਝ ਹੋਰ ਉਤਪਾਦਕ ਖੇਤਰਾਂ ਦੀ ਨੀਲਾਮੀ ਸਰਕਾਰ ਨੂੰ ਵਧੇਰੇ ਉਤਪਾਦਨ ਹਿੱਸੇ ਦੀ ਪੇਸ਼ਕਸ਼ ਕਰਨ ਵਾਲੀਆਂ ਕੰਪਨੀਆਂ ਨੂੰ ਕੀਤੀ ਜਾ ਸਕਦੀ ਹੈ। ਪੈਟਰੋਲੀਅਮ ਮੰਤਰਾਲਾ ਵੱਲੋਂ ਓ ਐੱਨ ਜੀ ਸੀ ਦੇ ਕੁਝ ਖੇਤਰਾਂ ਨੂੰ ਨਿੱਜੀ ਅਤੇ ਵਿਦੇਸ਼ੀ ਕੰਪਨੀਆਂ ਨੂੰ ਦੇਣ ਦੀ ਇਹ ਦੂਜੀ ਕੋਸ਼ਿਸ਼ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ ਅਕਤੂਬਰ ਵਿੱਚ ਹਾਈਡਰੋਕਾਰਬਨ ਡਾਇਰੈਕਟੋਰੇਟ ਜਨਰਲ (ਡੀ ਜੀ ਐੱਚ) ਨੇ ਵੀ ਨੈਸ਼ਨਲ ਪੈਟਰੋਲੀਅਮ ਕੰਪਨੀਆਂ ਦੇ 15 ਅਜਿਹੇ ਖੇਤਰਾਂ ਦੀ ਪਛਾਣ ਕੀਤੀ ਸੀ, ਜਿਨ੍ਹਾਂ ਨੂੰ ਨਿੱਜੀ ਕੰਪਨੀਆਂ ਨੂੰ ਸੌਂਪਿਆ ਜਾ ਸਕਦਾ ਹੈ। ਇਨ੍ਹਾਂ 'ਚ ਖੇਤਰਾਂ ਵਿੱਚ ਕੱਚੇ ਤੇਲ ਦਾ ਸਮੂਹਿਕ ਭੰਡਾਰ 79.12 ਕਰੋੜ ਟਨ ਅਤੇ ਗੈਸ ਦਾ 333.46 ਅਰਬ ਕਿਊਬਕ ਮੀਟਰ ਦਾ ਭੰਡਾਰ ਸੀ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਤੇਲ ਅਤੇ ਗੈਸ ਦੀ ਮਾਈਨਿੰਗ ਸੁਧਾਰੀ ਜਾ ਸਕੇਗੀ।

# ਕਿਸੇ ਨੂੰ ਨਾਮਰਦ ਕਹਿਣ ਉੱਤੇ ਹੋ ਜੇਲ੍ਹ ਸਕਦੀ ਹੈ: ਹਾਈ ਕੋਰਟ



ਨਾਗਪੁਰ, 12 ਨਵੰਬਰ (ਪੋਸਟ ਬਿਊਰੋ)- ਕਿਸੇ ਵਿਅਕਤੀ ਨੂੰ ਨਾਮਰਦ ਕਹਿਣਾ ਪਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ, ਇਥੇ ਤੱਕ ਕਿ ਜੇਲ੍ਹ ਵੀ ਹੋ ਸਕਦੀ ਹੈ। ਬਾਂਬੇ ਹਾਈ ਕੋਰਟ ਦੀ ਨਾਗਪੁਰ ਬੈਂਚ ਨੇ ਇਤਿਹਾਸਿਕ ਫੈਸਲੇ ਵਿਚ ਕਿਹਾ ਹੈ ਕਿ ਕਿਸੇ ਵਿਅਕਤੀ ਨੂੰ ਨਾਮਰਦ ਕਹਿਣਾ ਮਾਣਹਾਨੀ ਦੇ ਬਰਾਬਰ ਹੈ, ਇਹ ਕਹਿਣਾ ਜੁਰਮ ਹੈ। ਜੇ ਕੋਈ ਕਿਸੇ ਲਈ ਅਜਿਹੀ ਗੱਲ ਕਰਦਾ ਹੈ ਤਾਂ ਉਸ ਨੂੰ ਜੇਲ੍ਹ ਦੇ ਨਾਲ ਜੁਰਮਾਨਾ ਵੀ ਹੋ ਸਕਦਾ ਹੈ।

ਇਕ ਕੇਸ ਦੀ ਸੁਣਵਾਈ ਦੇ ਦੌਰਾਨ ਹਾਈ ਕੋਰਟ ਨੇ ਕਿਹਾ ਕਿ ਕਿਸੇ ਨੂੰ ਨਾਮਰਦ ਕਹਿਣਾ ਉਸ ਦੇ ਮਰਦ ਹੋਣ 'ਤੇ ਸਵਾਲ ਖੜੇ ਕਰਦਾ ਅਤੇ ਦੂਜਿਆਂ ਦੇ ਮਨ ਵਿਚ ਉਸ ਦੇ ਪ੍ਰਤੀ ਨਕਾਰਾਤਮਕ ਵਿਚਾਰ ਪੈਦਾ ਕਰਦਾ ਹੈ। ਬਾਂਬੇ ਹਾਈ ਕੋਰਟ ਦੀ ਨਾਗਪੁਰ ਬੈਂਚ ਨੇ ਇਹ ਗੱਲ ਇਕ ਮਹਿਲਾ ਦੀ ਉਸ ਅਰਜ਼ੀ ਨੂੰ ਰੱਦ ਕਰਦੇ ਹੋਏ ਕਹੀ, ਜਿਸ ਵਿਚ ਉਸ ਨੇ ਅਪਣੇ ਪਤੀ ਵੱਲੋਂ ਕੀਤੇ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਅਸਲ ਵਿੱਚ ਉਸ ਮਹਿਲਾ ਨੇ ਪਤੀ ਉਤੇ ਨਪੁੰਸਕਤਾ ਦਾ ਦੋਸ਼ ਲਾਇਆ ਸੀ, ਜਿਸ ਪਿੱਛੋਂ ਮਹਿਲਾ ਦੇ ਪਤੀ ਨੇ ਉਸ ਦੇ ਵਿਰੁੱਧ ਮਾਣਹਾਨੀ ਦਾ ਕੇਸ ਕੀਤਾ ਸੀ। ਵਿਆਹੁਤਾ ਜੋੜੇ ਕੋਲ ਇਕ ਬੱਚੀ ਵੀ ਹੈ, ਜਿਸ ਦੇ ਜਨਮ ਪਿੱਛੋਂ ਉਨ੍ਹਾਂ ਦੇ ਰਿਸ਼ਤੇ ਖ਼ਰਾਬ ਹੋਏ। ਇਸ ਦੌਰਾਨ ਮਹਿਲਾ ਪੇਕੇ ਗਈ, ਜਿਥੇ ਰਹਿੰਦੇ ਹੋਏ ਉਸ ਨੇ ਕੋਰਟ ਵਿਚ ਪਤੀ ਤੋਂ ਤਲਾਕ ਦੀ ਅਰਜ਼ੀ ਪਾ ਦਿਤੀ। ਇਸ ਮੌਕੇ ਕੋਰਟ ਵਿਚ ਤਲਾਕ ਦਾ ਕੇਸ ਗਿਆ ਤਾਂ ਬੱਚੀ ਦੀ ਕਸਟਡੀ ਪਿਤਾ ਨੂੰ ਮਿਲ ਗਈ। ਮਹਿਲਾ ਨੂੰ ਕੋਰਟ ਦਾ ਫੈਸਲਾ ਠੀਕ ਨਹੀਂ ਲੱਗਾ ਤੇ ਉਸ ਨੇ ਕੋਰਟ ਦੇ ਇਸ ਫੈਸਲੇ ਨੂੰ ਹਾਈ ਕੋਰਟ ਵਿਚ ਇਹ ਕਹਿੰਦੇ ਹੋਏ ਚੁਣੌਤੀ ਦੇ ਦਿਤੀ ਕਿ ਉਸ ਦਾ ਪਤੀ ਨਾਮਰਦ ਹੈ।

ਪਤਨੀ ਦੇ ਦੋਸ਼ਾਂ ਤੋਂ ਪਰੇਸ਼ਾਨ ਹੋ ਕੇ ਪਤੀ ਨੇ ਕੋਰਟ ਨੂੰ ਸ਼ਿਕਾਇਤ ਕੀਤੀ ਤੇ ਮਾਣਹਾਨੀ ਲਈ ਸਹੁਰੇ ਪਰਵਾਰ ਉਤੇ ਆਈ ਪੀ ਸੀ ਦੀ ਧਾਰਾ 500 ਅਤੇ 506 ਦਾ ਕੇਸ ਕਰ ਦਿਤਾ। ਸੁਣਵਾਈ ਮੌਕੇ ਮਹਿਲਾ ਨੇ ਕਿਹਾ ਕਿ ਉਹ ਅਪਣੇ ਪਤੀ ਦੀ ਨਪੁੰਸਕਤਾ ਬਾਰੇ ਕੁਝ ਨਹੀਂ ਬੋਲਣਾ ਚਾਹੁੰਦੀ, ਪਰ ਉਸ ਦੀਆਂ ਹਰਕਤਾਂ ਨੇ ਉਸ ਨੂੰ ਇਹ ਕਰਨ 'ਤੇ ਮਜਬੂਰ ਕਰ ਦਿਤਾ। ਇਸ ਕੇਸ ਦੀ ਸੁਣਵਾਈ ਕਰ ਰਹੇ ਜਸਟੀਸ ਸੁਨੀਲ ਸ਼ੁਕਰੇ ਦੀ ਸਿੰਗਲ ਬੈਂਚ ਨੇ ਕਿਹਾ ਕਿ ਕਿਸੇ ਵਿਅਕਤੀ ਲਈ ਨਾਮਰਦ ਸ਼ਬਦ ਦੀ ਵਰਤੋਂ ਕਰਨਾ ਧਾਰਾ 499 ਹੇਠ ਮਾਣਹਾਨੀ ਦੇ ਬਰਾਬਰ ਹੈ ਅਤੇ ਇਸ ਵਿਚ ਧਾਰਾ 500 ਹੇਠ ਸਜ਼ਾ ਦਿਤੀ ਜਾ ਸਕਦੀ ਹੈ। ਕੋਰਟ ਨੇ ਕਿਹਾ ਕਿ ਪਤਨੀ ਦੇ ਦੋਸ਼ਾਂ ਨੂੰ ਪੜ੍ਹਨ ਨਾਲ ਇਹੀ ਨਤੀਜਾ ਨਿਕਲਦਾ ਹੈ ਕਿ ਉਸ ਦੇ ਲਾਏ ਗਏ ਦੋਸ਼ ਅਪਮਾਨ ਵਾਲੇ ਹਨ। ਫਿਲਹਾਲ ਕੋਰਟ ਦਾ ਇਹ ਫੈਸਲਾ ਉਨ੍ਹਾਂ ਪਤੀਆਂ ਲਈ ਰਾਹਤ ਵਾਲਾ ਹੋਵੇਗਾ ਜਿਨ੍ਹਾਂ ਦੀ ਪਤਨੀਆਂ ਨੇ ਇਸ ਮੁੱਦੇ ਨੂੰ ਆਧਾਰ ਬਣਾ ਕੇ ਤਲਾਕ ਦਾ ਫੈਸਲਾ ਲਿਆ ਹੈ।

## ਏਅਰ ਇੰਡੀਆ ਦਾ ਪਾਇਲਟ-ਡਾਇਰੈਕਟਰ ਦਾਰੂ ਦੇ ਪੈੱਗ ਲਾ ਕੇ ਜਹਾਜ਼ ਉਡਾਉਣ ਆ ਗਿਆ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਏਅਰ ਇੰਡੀਆ ਦੇ ਸੀਨੀਅਰ ਪਾਇਲਟ ਅਤੇ ਵੱਡੇ ਅਧਿਕਾਰੀ ਆਪਣਾ ਵਿਹਾਰ ਬਦਲਣ ਨੂੰ ਤਿਆਰ ਨਹੀਂ। ਇਸ ਦੇ ਸੀਨੀਅਰ ਪਾਇਲਟ ਅਤੇ ਬੋਰਡ ਦੇ ਡਾਇਰੈਕਟਰ ਅਰਵਿੰਦ ਕਠਪਾਲੀਆ ਨੂੰ ਬ੍ਰੈਥ ਐਨਾਲਾਈਜ਼ਰ ਟੈਸਟ ਵਿੱਚ ਇੱਕ ਵਾਰ ਫਿਰ ਪਾਜ਼ੀਟਿਵ ਪਾਇਆ ਗਿਆ ਹੈ। ਇਸ ਕਾਰਨ ਉਨ੍ਹਾਂ ਨੂੰ ਉਡਾਣ ਤੋਂ ਰੋਕ ਦਿੱਤਾ ਗਿਆ ਤੇ ਉਨ੍ਹਾਂ ਦੀ ਥਾਂ ਹੋਰ ਪਾਇਲਟ ਨੂੰ ਫਲਾਈਟ ਲੈ ਕੇ ਭੇਜਿਆ ਗਿਆ। ਉਨ੍ਹਾਂ ਨੂੰ ਪੌਣੇ ਦੋ ਸਾਲ ਪਹਿਲਾਂ ਵੀ ਇਸੇ ਕਾਰਨ ਤਿੰਨ ਮਹੀਨੇ ਲਈ ਉਡਾਣ ਤੋਂ ਵਾਂਝਾ ਕੀਤਾ ਗਿਆ ਸੀ।

ਮਿਲੀ ਜਾਣਕਾਰੀ ਅਨੁਸਾਰ ਏਅਰ ਇੰਡੀਆ ਦੇ ਬੋਰਡ ਦੇ ਮੈਂਬਰ ਅਤੇ ਫਲਾਈਟ ਆਪ੍ਰੇਸ਼ਨਜ਼ ਦੇ ਮੁਖੀ ਕੈਪਟਨ ਕਠਪਾਲੀਆ ਦੀ ਇਸ ਗਲਤੀ ਕਾਰਨ ਕੱਲ੍ਹ ਦੁਪਹਿਰ ਸਮੇਂ ਸਰਕਾਰੀ ਏਅਰਲਾਈਨਜ਼ ਦੀ ਨਵੀਂ ਦਿੱਲੀ ਤੋਂ ਲੰਡਨ ਜਾਣ ਵਾਲੀ ਫਲਾਈਟ ਨੂੰ 55 ਮਿੰਟ ਦੀ ਦੇਰੀ ਨਾਲ ਭੇਜਿਆ ਗਿਆ। ਕਮਾਂਡਰ ਕਠਪਾਲੀਆ ਨੂੰ ਬ੍ਰੈਥ ਐਨਾਲਾਈਜ਼ਰ ਟੈਸਟ 'ਚ ਪਾਜ਼ੀਟਿਵ ਪਾਇਆ ਗਿਆ ਸੀ। ਇਸ ਤੋਂ ਪਹਿਲਾਂ 19 ਜਨਵਰੀ 2017 ਨੂੰ ਉਨ੍ਹਾਂ ਨੂੰ ਦਿੱਲੀ-ਬੈਂਗਲੁਰੂ ਉਡਾਣ ਤੋਂ ਪਹਿਲਾਂ ਬ੍ਰੈਥ ਐਨਾਲਾਈਜ਼ਰ ਟੈਸਟ ਵਿੱਚ ਪਾਜ਼ੀਟਿਵ ਪਾਇਆ ਗਿਆ ਸੀ। ਨਤੀਜੇ ਵਜੋਂ ਉਨ੍ਹਾਂ ਦਾ ਕਮਰਸ਼ਲ ਪਾਇਲਟ ਲਾਇਸੈਂਸ ਤਿੰਨ ਮਹੀਨਿਆਂ ਲਈ ਸਸਪੈਂਡ ਕੀਤਾ ਗਿਆ ਸੀ। ਉਸ ਸਮੇਂ ਖੂਨ ਦੇ ਸੈਂਪਲ ਨਾ ਦੇਣ ਅਤੇ ਜਾਂਚ ਵਿੱਚ ਰੁਕਾਵਟ ਪੈਦਾ ਕਰਨ ਦੇ ਕਾਰਨ ਉਨ੍ਹਾਂ ਵਿਰੁੱਧ ਕੇਸ ਵੀ ਦਰਜ ਹੋਇਆ ਸੀ। ਏਅਰ ਇੰਡੀਆ ਦੇ ਸੂਤਰਾਂ ਮੁਤਾਬਕ ਕੈਪਟਨ ਕਠਪਾਲੀਆ ਨੂੰ ਬ੍ਰੈਥ ਐਨਾਲਾਈਜ਼ਰ ਟੈਸਟ ਦਾ ਇਕ ਹੋਰ ਮੌਕਾ ਵੀ ਦਿੱਤਾ ਗਿਆ, ਪਰ ਉਹ ਦੋਵੇਂ ਵਾਰ ਟੈਸਟ ਵਿੱਚ ਫੇਲ੍ਹ ਹੋਏ। ਉਸ ਤੋਂ ਬਾਅਦ ਉਨ੍ਹਾਂ ਨੂੰ ਜਹਾਜ਼ ਉਡਾਉਣ ਤੋਂ ਰੋਕ ਦਿੱਤਾ ਗਿਆ। ਹਵਾਬਾਜ਼ੀ ਨਿਯਮਾਵਲੀ ਦੇ ਨਿਯਮ ਨੰਬਰ 24 ਹੇਠ ਚਾਲਕ ਦਲ ਦੇ ਕਿਸੇ ਵੀ ਮੈਂਬਰ ਨੂੰ ਉਡਾਣ ਤੋਂ 12 ਘੰਟੇ ਪਹਿਲਾਂ ਤੋਂ ਕੋਈ ਵੀ ਅਲਕੋਹਲ ਡ੍ਰਿੰਕ ਲੈਣਾ ਮਨ੍ਹਾ ਹੁੰਦਾ ਹੈ ਅਤੇ ਉਨ੍ਹਾਂ ਲਈ ਜਹਾਜ਼ ਉਡਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਅਲਕੋਹਲ ਟੈਸਟ ਦੇਣਾ ਜ਼ਰੂਰੀ ਹੁੰਦਾ ਹੈ। ਦਾਰੂਬਾਜ਼ ਪਾਇਲਟਾਂ ਤੋਂ ਦੁਨੀਆ ਦੀ ਤਕਰਬੀਨ ਹਰ ਏਅਰਲਾਈਨ ਕਿਸੇ ਨਾ ਕਿਸੇ ਰੂਪ ਵਿੱਚ ਪਰੇਸ਼ਾਨ ਹੈ, ਪਰ ਭਾਰਤੀ ਏਅਰਲਾਈਨਾਂ, ਖਾਸ ਕਰਕੇ ਏਅਰ ਇੰਡੀਆ ਦੇ ਪਾਇਲਟਾਂ ਦੀ ਚਰਚਾ ਕੁਝ

## ਭਾਰਤ ਵਿੱਚ ਨਿਮੋਨੀਆ ਅਤੇ ਡਾਇਰੀਆ ਦਾ ਟੀਕਾਕਰਨ ਸਭ ਤੋਂ ਘੱਟ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਨਿਮੋਨੀਆ ਤੇ ਡਾਇਰੀਆ ਵਰਗੀਆਂ ਬਿਮਾਰੀਆਂ ਅੱਜਕੱਲ੍ਹ ਭਾਰਤ ਵਿੱਚ ਫੈਲ ਰਹੀਆਂ ਹਨ ਤੇ ਇਹ ਲੱਖਾਂ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਰਹੀਆਂ ਹਨ। ਇਨ੍ਹਾਂ ਦੀ ਲਪੇਟ ਵਿੱਚ ਹਰ ਸਾਲ ਕਾਫੀ ਲੋਕ ਆਉਂਦੇ ਹਨ, ਜਿਸ ਵਿੱਚ ਬੱਚੇ ਵੀ ਸ਼ਾਮਲ ਹਨ। ਭਾਰਤ 'ਚ ਇਨ੍ਹਾਂ ਬਿਮਾਰੀਆਂ ਰਾਹੀਂ ਹੋ ਰਹੀਆਂ ਮੌਤਾਂ ਦੀ ਗਿਣਤੀ ਲੱਖਾਂ 'ਚ ਹੈ। ਪਿੱਛੇ ਜਿਹੇ ਇੱਕ ਨਵੀਂ ਰਿਪੋਰਟ ਸਾਹਮਣੇ ਆਈ ਹੈ, ਜਿਸ ਵਿੱਚ ਇਸ ਦੇ ਟੀਕਾਕਰਨ ਦੀ ਦਰ ਭਾਰਤ ਵਿੱਚ ਸਭ ਤੋਂ ਘੱਟ ਹੋਣ ਦੀ ਗੱਲ ਪਤਾ ਲੱਗੀ ਹੈ। ਇਸ ਰਿਪੋਰਟ ਮੁਤਾਬਕ ਬੱਚਿਆਂ ਵਿੱਚ ਡਾਇਰੀਆ ਦਾ ਪ੍ਰਮੁੱਖ ਕਾਰਨ ਮੰਨੇ ਜਾਣ ਵਾਲੇ ਰਾਟੋਵਾਇਰਸ ਦੀ ਇਨਫੈਕਸ਼ਨ ਨੂੰ ਰੋਕਣ ਲਈ ਭਾਰਤ 'ਚ ਟੀਕਾਕਰਨ ਉਨ੍ਹਾਂ 15 ਦੇਸ਼ਾਂ ਵਿੱਚ ਸਭ ਤੋਂ ਘੱਟ ਹੈ, ਜਿਨ੍ਹਾਂ ਨੇ ਇਸ ਨੂੰ ਪਿਛਲੇ ਸਾਲ ਸ਼ੁਰੂ ਕੀਤਾ ਸੀ। ਇਹ ਖੁਲਾਸਾ ਇੱਕ ਤਾਜ਼ਾ ਰਿਪੋਰਟ ਵਿੱਚ ਕੀਤਾ ਗਿਆ ਹੈ। ਇਸ ਰਿਪੋਰਟ ਅਧੀਨ ਨਿਮੋਨੀਆ ਤੇ ਡਾਇਰੀਆ ਦੀ ਲਪੇਟ ਵਿੱਚ ਆਉਣ ਨਾਲ ਮਰਨ ਵਾਲੇ ਬੱਚਿਆਂ ਦੀ ਗਿਣਤੀ ਵੀ ਲੱਖਾਂ ਵਿੱਚ ਦਰਜ ਕੀਤੀ ਗਈ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਵਿੱਚ 2016 ਵਿੱਚ ਨਿਮੋਨੀਆ ਤੇ ਡਾਇਰੀਆ ਨਾਲ ਪੰਜ ਸਾਲ ਤੋਂ ਘੱਟ ਉਮਰ ਦੇ 2.6 ਲੱਖ ਬੱਚਿਆਂ ਦੀ ਮੌਤ ਹੋ ਗਈ। ਰਿਪੋਰਟ ਵਿੱਚ ਸਿਰਫ ਭਾਰਤ ਹੀ ਨਹੀਂ, ਉਸ ਦੇ ਨਾਲ 15 ਦੇਸ਼ਾਂ ਵਿੱਚ ਸਿਹਤ ਪ੍ਰਣਾਲੀ ਨੂੰ ਇਹ ਯਕੀਨੀ ਕਰਨ ਵਿੱਚ ਪੱਛੜਿਆ ਦੱਸਿਆ ਗਿਆ ਹੈ ਕਿ ਵੱਧ ਤੋਂ ਵੱਧ ਸੰਵੇਦਨਸ਼ੀਲ ਬੱਚਿਆਂ ਨੂੰ ਰੋਕਥਾਮ ਅਤੇ ਇਲਾਜ ਸੇਵਾਵਾਂ ਮਿਲ ਸਕਣ।

## ਭਾਰਤ ਦੀਆਂ ਹਾਈ ਕੋਰਟਾਂ ਵਿੱਚ ਕੇਵਲ 9 ਫੀਸਦੀ ਮਹਿਲਾ ਜੱਜ, 68 ਸਾਲ ਵਿੱਚ ਸੁਪਰੀਮ ਕੋਰਟ ਨੂੰ ਮਿਲੇ ਕੁੱਲ ਅੱਠ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਭਾਰਤ ਵਿੱਚ ਇਕ ਪਾਸੇ ਰਾਜਨੀਤੀ ਤੋਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਿੱਚ ਪੁਰਸ਼ਾਂ ਦੇ ਬਰਾਬਰ ਔਰਤਾਂ ਦੀ ਹਿੱਸੇਦਾਰੀ ਦੀ ਗੱਲ ਹੁੰਦੀ ਹੈ, ਦੂਜੇ ਪਾਸੇ ਦੇਸ਼ ਦੀ ਸੀਨੀਅਰ ਜੁਡੀਸ਼ਲ ਸੰਸਥਾ ਯਾਨੀ ਅਦਾਲਤਾਂ ਵਿੱਚ ਔਰਤਾਂ ਦੀ ਹਿੱਸੇਦਾਰੀ ਪੁਰਸ਼ਾਂ ਦੇ ਮੁਕਾਬਲੇ ਬੇਹੱਦ ਘੱਟ ਹੈ। ਮਿਲੀ ਜਾਣਕਾਰੀ ਅਨੁਸਾਰ ਭਾਰਤ ਵਿੱਚ ਹਾਈ ਕੋਰਟ ਵਿੱਚ ਜੱਜਾਂ ਦੀ ਗਿਣਤੀ ਵਿੱਚ ਮਹਿਲਾਵਾਂ ਮੁਸ਼ਕਿਲ ਨਾਲ 9 ਫੀਸਦੀ ਰਹਿ ਗਈਆਂ ਹਨ। ਅਕਤੂਬਰ ਅੰਤ ਤੱਕ ਦੇਸ਼ ਦੀਆਂ 24 ਹਾਈ ਕੋਰਟਾਂ ਵਿੱਚ 1221 ਜੱਜਾਂ ਦੇ ਅਹੁਦੇ ਹਨ, ਪਰ ਉਨ੍ਹਾਂ ਵਿੱਚ ਅਜੇ ਕੇਵਲ 891 ਜੱਜ ਕੰਮ ਕਰਦੇ ਹਨ, ਇਨ੍ਹਾਂ 891 ਵਿੱਚੋਂ ਸਿਰਫ 81 ਮਹਿਲਾ ਜੱਜ ਹਨ। ਸੁਪਰੀਮ ਕੋਰਟ ਕਾਲੇਜ਼ੀਅਮ ਨੇ ਪਿਛਲੇ ਦੋ ਮਹੀਨਿਆਂ ਵਿੱਚ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਲਈ 70 ਨਾਮ ਪੇਸ਼ ਕੀਤੇ ਹਨ। ਇਨ੍ਹਾਂ ਵਿੱਚੋਂ ਇਕ ਦਹਾਕੇ ਵਿੱਚ ਸੱਤ ਮਹਿਲਾ ਜੱਜ ਅਜਿਹੀਆਂ ਹੋ ਸਕਦੀਆਂ ਹਨ, ਜੋ ਹਾਈ ਕੋਰਟ ਦੀ ਮੁੱਖ ਜੱਜ ਬਣੀਆਂ ਜਾਂ ਸੁਪਰੀਮ ਕੋਰਟ ਵਿੱਚ ਪਹੁੰਚ ਸਕੀਆਂ। ਬੀਤੇ 68 ਸਾਲ ਵਿੱਚ ਸੁਪਰੀਮ ਕੋਰਟ ਵਿੱਚ ਸਿਰਫ ਅੱਠ ਮਹਿਲਾ ਜੱਜ ਨਿਯੁਕਤ ਹੋਏ ਹਨ।


◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

# ਕੱਚੇ ਤੇਲ ਦੇ ਭਾਅ ਡਿੱਗਣ ਤੋਂ ਚਿੰਤਿਤ ਤੇਲ ਉਤਪਾਦਕ ਦੇਸ਼ ਕੱਟ ਲਾ ਸਕਦੇ ਹਨ

ਦੁਬਈ, 12 ਨਵੰਬਰ (ਪੋਸਟ ਬਿਊਰੋ)- ਕੱਚੇ ਤੇਲ ਦੇ ਮੁੱਖ ਉਤਪਾਦਕ ਦੇਸ਼ 2014 ਦੀ ਤਰ੍ਹਾਂ ਕੀਮਤੀ ਵਿੱਚ ਗਿਰਾਵਟ ਆਉਣ ਦੀ ਸ਼ੰਕਾ ਦੇ ਮੱਦੇਨਜ਼ਰ ਤੇਲ ਉਤਪਾਦਨ ਵਿੱਚ ਸੰਭਾਵਿਤ ਕਟੌਤੀ ਨੂੰ ਲੈ ਕੇ ਅਬੂਧਾਬੀ ਵਿੱਚ ਹੋ ਰਹੀ ਬੈਠਕ ਵਿੱਚ ਵਿਚਾਰ ਕਰ ਸਕਦੇ ਹਨ। ਅਕਤੂਬਰ ਦੇ ਸ਼ੁਰੂ ਵਿੱਚ ਚਾਰ ਸਾਲ ਦੇ ਉਚ ਪੱਧਰ 'ਤੇ ਪਹੁੰਚ ਜਾਣ ਦੇ ਬਾਅਦ ਕਾਨੂੰਨੀ ਕਾਰਨਾਂ ਤੋਂ ਕੇਵਲ ਇਕ ਹੀ ਮਹੀਨੇ ਵਿੱਚ ਕੱਚੇ ਤੇਲ ਦੇ ਭਾਅ ਉਸ ਦੇ ਪੰਜਵੇਂ ਹਿੱਸੇ ਤੱਕ ਡਿੱਗ ਚੁੱਕੇ ਹਨ।

ਬ੍ਰੈਂਟ ਕਰੂਡ ਬੀਤੇ ਦਿਨੀਂ ਅਪ੍ਰੈਲ ਦੇ ਬਾਅਦ ਪਹਿਲੀ ਵਾਰ 70 ਡਾਲਰ ਪ੍ਰਤੀ ਬੈਰਲ ਤੋਂ ਥੱਲੇ ਆ ਗਿਆ। ਨਿਊਯਾਰਕ ਦਾ ਵੈਸਟ ਟੈਕਸਾਸ ਇੰਟਰਮੀਡੀਏਟ ਵੀ ਡਿੱਗ ਕੇ 9 ਮਹੀਨੇ ਦੇ ਹੇਠਲੇ ਪੱਧਰ 'ਤੇ ਆ ਗਿਆ ਅਤੇ 60 ਡਾਲਰ ਪ੍ਰਤੀ ਬੈਰਲ ਤੋਂ ਥੱਲੇ ਉਤਰ ਗਿਆ। ਅਮਰੀਕਾ ਨੇ ਉਤਪਾਦਨ ਵਿੱਚ ਵਾਧਾ ਕਰ ਦਿੱਤਾ ਹੈ ਜਦ ਕਿ ਮੰਗ ਵਿੱਚ ਗਿਰਾਵਟ ਦੇ ਸੰਕੇਤ ਨੂੰ ਦੇਖਦੇ ਹੋਏ ਸਾਊਦੀ ਅਰਬ ਤੇ ਰੂਸ ਨੇ ਸਪਲਾਈ ਤੇਜ਼ ਕਰ ਦਿੱਤੀ ਹੈ। ਇਸ ਦੇ ਇਲਾਵਾ ਇਰਾਨ 'ਤੇ ਅਮਰੀਕੀ ਪਾਬੰਦੀਆਂ ਦਾ ਅਸਰ ਉਮੀਦ ਤੋਂ ਘੱਟ ਹੋਣ ਨਾਲ ਵੀ ਕੱਚਾ ਤੇਲ ਕਮਜ਼ੋਰ ਪਿਆ ਹੈ। ਫਾਰੈਕਸ ਡਾਟ ਕਾਮ ਦੇ ਵਿਸ਼ਲੇਸ਼ਕ ਫਵਾਦ ਰੱਜਾਕਜ਼ਾਦਾ ਨੇ ਕਿਹਾ, 'ਸਾਊਦੀ ਅਰਬ, ਰੂਸ ਅਤੇ ਅਮਰੀਕਾ ਵਰਗੇ ਵੱਡੇ ਉਤਪਾਦਕਾਂ ਵੱਲੋਂ ਈਰਾਨ ਉੱਤੇ ਪਾਬੰਦੀ ਦੇ ਬਾਅਦ ਸਪਲਾਈ ਵਿੱਚ ਆਈ ਕਟੌਤੀ ਨਾਲ ਜ਼ਿਆਦਾ ਸਪਲਾਈ ਵਧਾ ਦੇਣ ਨਾਲ ਕੀਮਤਾਂ ਵਿੱਚ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ।' ਪ੍ਰਮੁੱਖ ਤੇਲ ਉਤਪਾਦਕ ਦੇਸ਼ਾਂ ਦੇ ਗਰੁੱਪ ਓਪੇਕ ਦੀ ਸਾਂਝੀ ਮੰਤਰੀ ਪੱਧਰੀ ਨਿਗਰਾਨੀ ਕਮੇਟੀ ਉਤਪਾਦਨ ਦੇ ਪੱਧਰ 'ਤੇ ਨਜ਼ਰ ਰੱਖਦੀ ਹੈ। ਇਸ ਬੈਠਕ ਵਿੱਚ ਰੂਸ ਅਤੇ ਸਾਊਦੀ ਅਰਬ ਦੇ ਮੰਤਰੀ ਵੀ ਸ਼ਾਮਲ ਹੋ ਰਹੇ ਹਨ। ਰੂਸ ਅਤੇ ਸਾਊਦੀ ਅਰਬ ਅਮਰੀਕਾ ਦੇ ਬਾਅਦ ਵਿਸ਼ਵ ਦੇ ਦੂਸਰਾ ਵੱਡਾ ਕੱਚਾ ਤੇਲ ਉਤਪਾਦਕ



# ਬਰਾਜ਼ੀਲ ਵਿੱਚ ਜ਼ਮੀਨ ਖਿਸਕਣ ਨਾਲ 10 ਮੌਤਾਂ, 11 ਜ਼ਖਮੀ



ਸਾਓ ਪਾਓਲੋ (ਬਰਾਜ਼ੀਲ), 12 ਨਵੰਬਰ (ਪੋਸਟ ਬਿਊਰੋ)- ਬਰਾਜ਼ੀਲ ਦੇ ਸੂਬੇ ਰੀਓ ਡੀ ਜਿਨੇਰਿਓ 'ਚ ਬੀਤੇ ਦਿਨ ਜ਼ਮੀਨ ਖਿਸਕਣ ਨਾਲ ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਗਈ ਅਤੇ 11 ਹੋਰ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਰੀਓ ਦੇ ਆਫਤ ਪ੍ਰਬੰਧ ਕਰਮੀਆਂ ਨੇ ਕਿਹਾ ਕਿ ਨੀਤੇਰੋਈ ਦੇ ਮੋਰੋ ਡੋ ਬੋਆ ਸਪੇਰੈਂਸਾ ਇਲਾਕੇ ਵਿੱਚ 11 ਲੋਕਾਂ ਨੂੰ ਸੁਰੱਖਿਅਤ ਕੱਢ ਲਿਆ ਹੈ ਅਤੇ ਅਜੇ ਚਾਰ ਹੋਰ ਲੋਕ ਲਾਪਤਾ ਦੱਸੇ ਗਏ ਹਨ। ਗਲੋਬੋ ਨਿਊਜ਼ ਨਾਲ ਮੁਲਾਕਾਤ ਦੌਰਾਨ ਰੀਓ ਅੱਗ ਬੁਝਾਊ ਅਮਲੇ ਦੇ ਵਿਭਾਗ ਕਮਾਂਡਰ ਰਾਬਰਟੋ ਰੋਬਾਡੋ ਨੇ ਕਿਹਾ ਕਿ ਇਕ ਨਵ ਜਨਮੇ, ਦੋ ਬੱਚਿਆਂ ਅਤੇ ਇਕ 33 ਸਾਲਾ ਵਿਅਕਤੀ ਨੂੰ ਬਚਾਇਆ ਗਿਆ ਹੈ। ਇਨ੍ਹਾਂ ਲੋਕਾਂ ਨੂੰ ਕਈ ਸੱਟਾਂ ਲੱਗੀਆਂ ਹਨ, ਜਿਸ ਕਰਕੇ ਇਨ੍ਹਾਂ ਨੂੰ ਸਥਾਨਕ ਹਸਪਤਾਲ 'ਚ ਭਰਤੀ ਕਰਾਇਆ ਗਿਆ। ਮ੍ਰਿਤਕਾਂ 'ਚ ਇਕ ਲੜਕਾ, ਦੋ ਬਜ਼ੁਰਗ ਮਹਿਲਾਵਾਂ, 37 ਸਾਲ ਦਾ ਇਕ ਵਿਅਕਤੀ, ਇਕ ਮਹਿਲਾ ਤੇ 10 ਮਹੀਨੇ ਦਾ ਇਕ ਬੱਚਾ ਸ਼ਾਮਲ ਹੈ। ਰੋਬਾਡੋ ਨੇ ਕਿਹਾ ਕਿ ਸਿਵਲ ਰੱਖਿਆ ਕਰਮੀ ਅਤੇ ਰਾਹਤ ਕਰਮੀਆਂ ਸਮੇਤ ਕਰੀਬ 200 ਰਾਹਤ ਕਰਮੀ ਇਲਾਕੇ 'ਚ ਬਚਾਅ ਕਾਰਜ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਰਾਹਤ ਕਾਰਜ ਅਜੇ 48 ਘੰਟੇ ਹੋਰ ਚੱਲਣਗੇ।

# ਕੌਂਸਲ ਚੋਣਾਂ 'ਚ ਪੰਜਾਬੀ-ਭਾਰਤੀ ਉਮੀਦਵਾਰਾਂ ਦੀ ਜਿੱਤ



ਐਡੀਲੇਡ, 12 ਨਵੰਬਰ (ਪੋਸਟ ਬਿਊਰੋ)- ਦੱਖਣੀ ਆਸਟਰੇਲੀਆ 'ਚ 9 ਨਵੰਬਰ ਨੂੰ ਕੌਂਸਲਰਾਂ ਅਤੇ ਮੇਅਰਾਂ ਲਈ ਹੋਈ ਵੋਟਿੰਗ ਦੇ ਨਤੀਜੇ 'ਚ ਪੰਜਾਬੀ ਭਾਈਚਾਰੇ ਦੇ ਸੰਨੀ ਸਿੰਘ ਪੋਰਟ ਅਗਸਤਾ, ਸਿਮਰਤਪਾਲ ਸਿੰਘ ਮੱਲ੍ਹੀ (ਸਿਮ) ਰੈਨਮਾਰਕ ਅਤੇ ਐਡੀਲੇਡ ਤੋਂ ਹਰਿਆਣਾ ਦੇ ਸੁਰਿੰਦਰ ਚਾਹਲ ਵੱਲੋਂ ਪਲਿਮਟਨ ਤੋਂ ਕੌਂਸਲ ਚੋਣਾਂ ਲਈ ਪਹਿਲੀ ਵਾਰ ਜਿੱਤਣ ਕਰਕੇ ਰਾਜਨੀਤਕ ਖੇਤਰ 'ਚ ਦਾਖਲ ਹੋਣ 'ਤੇ ਪੰਜਾਬੀ ਭਾਈਚਾਰੇ 'ਚ ਖੁਸ਼ੀ ਦੀ ਲਹਿਰ ਹੈ। ਨੌਜਵਾਨਾਂ ਨੇ ਭਾਰਤੀ-ਪੰਜਾਬੀਆਂ ਲਈ ਰਾਜਨੀਤਕ ਖੇਤਰ 'ਚ ਦਰਵਾਜ਼ਾ ਖੋਲ੍ਹ ਕੇ ਮੱਲਾਂ ਮਾਰਨ ਲਈ ਸੁਨੇਹਾ ਦਿੱਤਾ ਹੈ। ਭਾਰਤੀ-ਪੰਜਾਬੀਆਂ ਦੀ ਵਧ ਰਹੀ ਗਿਣਤੀ ਕਰਕੇ ਰਾਜਨੀਤਕ ਖੇਤਰ 'ਚ ਅੱਗੇ ਵਧਣ ਲਈ ਭਵਿੱਖ 'ਚ ਹੋਰ ਵੀ ਨਿੱਤਰ ਕੇ ਸ਼ਿਰਕਤ ਕਰਨਗੇ।

ਵਰਨਣ ਯੋਗ ਹੈ ਕਿ ਇਨ੍ਹਾਂ ਚੋਣਾਂ 'ਚ ਉਮੀਦਵਾਰ ਆਜ਼ਾਦ ਤੌਰ 'ਤੇ ਚੋਣ ਲੜਦੇ ਹਨ ਤੇ ਕੋਈ ਪੋਲੀਟਿਕਲ ਪਾਰਟੀ ਸਿੱਧੇ ਤੌਰ 'ਤੇ ਇਨ੍ਹਾਂ ਦੀ ਮਦਦ ਨਹੀਂ ਕਰਦੀ। ਸੰਨੀ ਸਿੰਘ ਦੀ ਚੋਣ 'ਚ ਗੋਰੇ ਵੱਲੋਂ ਕੀਤੀ ਨਸਲੀ ਟਿੱਪਣੀ 'ਤੇ ਉਨ੍ਹਾਂ ਨੇ ਸ਼ਾਂਤਮਈ ਢੰਗ ਨਾਲ ਚੋਣ ਲੜੀ ਹੈ, ਸਭ ਕਮਿਊਨਿਟੀਜ਼ ਵੱਲੋਂ ਉਨ੍ਹਾਂ ਦੀ ਸ਼ਲਾਘਾ ਤੇ ਵੱਡੀ ਗਿਣਤੀ 'ਚ ਸਹਿਯੋਗ ਮਿਲਿਆ, ਜਿਸ ਕਰਕੇ ਸੰਨੀ ਸਿੰਘ ਨੇ ਵੱਡੀ ਗਿਣਤੀ 'ਚ ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਸੰਨੀ ਸਿੰਘ ਦਾ ਨਾਂਅ ਡਿਪਟੀ ਮੇਅਰ ਲਈ ਵੀ ਆ ਰਿਹਾ ਹੈ। ਇਨ੍ਹਾਂ ਸਭ ਉਮੀਦਵਾਰਾਂ ਦੀ ਮਾਣਮੱਤੀ ਪ੍ਰਾਪਤੀ ਭਾਰਤੀ-ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਐਡੀਲੇਡ ਸ਼ਹਿਰ 'ਚ ਗਿਣਤੀ ਡਾਕ ਰਾਹੀਂ ਆਈਆਂ ਵੋਟਾਂ ਦੀ ਜਾਰੀ ਹੈ, ਜਿਸ ਦੇ ਨਤੀਜੇ ਕੱਲ੍ਹ ਤੱਕ ਸਭ ਐਲਾਨੇ ਜਾਣਗੇ।

## ਰਾਜਪਕਸ਼ੇ ਪਹਿਲੀ ਪਾਰਟੀ ਛੱਡ ਕੇ ਨਵੀਂ ਵਿੱਚ ਸ਼ਾਮਲ

ਕੋਲੰਬੋ, 12 ਨਵੰਬਰ (ਪੋਸਟ ਬਿਊਰੋ)- ਰਾਸ਼ਟਰਪਤੀ ਮੈਤਰੀਪਾਲ ਸਿਰੀਸੇਨ ਦੀ ਸ੍ਰੀਲੰਕਾ ਫ੍ਰੀਡਮ ਪਾਰਟੀ (ਐਸ ਐਲ ਐਫ ਪੀ) ਤੋਂ ਪੰਜ ਦਹਾਕਿਆਂ ਦਾ ਪੁਰਾਣਾ ਆਪਣਾ ਸੰਬੰਧ ਸ੍ਰੀਲੰਕਾ ਦੇ ਸਾਬਕਾ ਰਾਸ਼ਟਰਪਤੀ ਮਹਿੰਦਾ ਰਾਜਪਕਸ਼ੇ ਨੇ ਤੋੜ ਲਿਆ ਹੈ। ਰਾਜਪਕਸ਼ੇ ਨੇ ਕੱਲ੍ਹ ਪਿਛਲੇ ਸਾਲ ਬਣੀ ਸ੍ਰੀਲੰਕਾ ਪੀਪੁਲਸ ਪਾਰਟੀ (ਐਸ ਐਲ ਪੀ ਪੀ) ਦਾ ਪੱਲਾ ਫੜ ਲਿਆ। ਸਾਬਕਾ ਫੌਜ ਮੁਖੀ ਰਾਕਪਕਸ਼ੇ ਦੇ ਇਸ ਕਦਮ ਨਾਲ ਕਿਆਸ ਲੱਗ ਰਹੇ ਹਨ ਕਿ ਉਹ ਅਗਲੇ ਸਾਲ ਪੰਜ ਜਨਵਰੀ ਨੂੰ ਹੋਣ ਵਾਲੀਆਂ ਮੱਧਕਾਲੀ ਚੋਣਾਂ ਆਪਣੀ ਨਵੀਂ ਪਾਰਟੀ ਦੇ ਸਿਰ 'ਤੇ ਲੜਨਗੇ। ਵਰਨਣ ਯੋਗ ਹੈ ਕਿ ਰਾਜਪਕਸ਼ੇ ਦੇ ਪਿਤਾ ਡਾਨ ਅਲਵਿਨ ਰਾਜਪਕਸ਼ੇ ਸ੍ਰੀਲੰਕਾ ਫ੍ਰੀਡਮ ਪਾਰਟੀ ਦੇ ਮੋਢੀਆਂ ਵਿੱਚੋਂ ਰਹੇ ਹਨ। ਇਸ ਪਾਰਟੀ ਦੀ ਸਥਾਪਨਾ 1951 ਵਿੱਚ ਕੀਤੀ ਗਈ ਸੀ। ਸ੍ਰੀਲੰਕਾ ਪੀਪੁਲਸ ਪਾਰਟੀ ਦੀ ਸਥਾਪਨਾ ਪਿਛਲੇ ਸਾਲ ਰਾਜਪਕਸ਼ੇ ਦੇ ਸਮਰਥਕਾਂ ਨੇ ਕੀਤੀ ਸੀ। ਇਸ ਪਾਰਟੀ ਨੇ ਫਰਵਰੀ 'ਚ ਹੋਈਆਂ ਸਥਾਨਕ ਚੋਣਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 340 ਸੀਟਾਂ 'ਚੋਂ ਦੋ ਤਿਹਾਈ 'ਤੇ ਕਬਜ਼ਾ ਕਰ ਲਿਆ ਸੀ।

# ਸ੍ਰੀਲੰਕਾ ਰਾਸ਼ਟਰਪਤੀ ਸਿਰੀਸੇਨ ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਪੁੱਜੇ ਸਿਆਸੀ ਦਲ

ਕੋਲੰਬੋ, 12 ਨਵੰਬਰ (ਪੋਸਟ ਬਿਊਰੋ)- ਰਾਸ਼ਟਰਪਤੀ ਮੈਤਰੀਪਾਲ ਸਿਰੀਸੇਨ ਵੱਲੋਂ ਸ੍ਰੀਲੰਕਾ ਵਿੱਚ ਮਿਥੇ ਸਮੇਂ ਤੋਂ 20 ਮਹੀਨੇ ਪਹਿਲਾਂ ਪਾਰਲੀਮੈਂਟ ਭੰਗ ਕਰਨ ਦੇ ਫ਼ੈਸਲੇ ਨੂੰ ਪ੍ਰਮੁੱਖ ਸਿਆਸੀ ਦਲਾਂ ਦੇ ਨਾਲ ਹੀ ਚੋਣ ਕਮਿਸ਼ਨ ਦੇ ਇਕ ਮੈਂਬਰ ਨੇ ਵੀ ਸੁਪਰੀਮ ਕੋਰਟ 'ਚ ਚੁਣੌਤੀ ਦੇ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਾਰ ਰਾਸ਼ਟਰਪਤੀ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੇ 10 ਗਰੁੱਪਾਂ ਵਿੱਚ ਬਰਖ਼ਾਸਤ ਕੀਤੇ ਗਏ ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਦੀ ਯੂਨਾਈਟਿਡ ਨੈਸ਼ਨਲ ਪਾਰਟੀ (ਯੂ ਐਨ ਪੀ), ਮੁੱਖ ਵਿਰੋਧੀ ਪਾਰਟੀ ਤਾਮਿਲ ਨੈਸ਼ਨਲ ਅਲਾਇੰਸ (ਟੀ ਐਨ ਏ) ਅਤੇ ਖੱਬੇ ਪੱਖੀ ਜੇ ਵੀ ਪੀ ਜਾਂ ਪੀਪੁਲਸ ਲਿਬਰੇਸ਼ਨ ਫਰੰਟ (ਪੀ ਐਲ ਐਫ) ਸ਼ਾਮਲ ਹਨ। ਚੋਣ ਕਮਿਸ਼ਨ ਦੇ ਮੈਂਬਰ ਰਤਨਜੀਵਨ ਹੂਲੇ ਅਤੇ ਇਕ ਪ੍ਰਮੁੱਖ ਸਿਵਲ ਸੁਸਾਇਟੀ ਥਿੰਕ ਟੈਂਕ ਸੈਂਟਰ ਫਾਰ ਪਾਲਿਸੀ ਅਲਟਰਨੇਟਿਵਸ (ਸੀ ਪੀ ਏ) ਨੇ ਵੀ ਰਾਸ਼ਟਰਪਤੀ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ। ਇਨ੍ਹਾਂ ਨੇ ਰਾਸ਼ਟਰਪਤੀ ਦੇ ਫ਼ੈਸਲੇ ਨੂੰ ਗੈਰ ਸੰਵਿਧਾਨਕ ਕਿਹਾ ਹੈ। ਸੰਵਿਧਾਨ ਮੁਤਾ-ਬਕ ਰਾਸ਼ਟਰਪਤੀ ਪਾਰਲੀਮੈਂਟ ਨੂੰ ਸਾਢੇ ਚਾਰ ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਭੰਗ ਨਹੀਂ ਕਰ ਸਕਦੇ, ਜਦ ਕਿ ਮੌਜੂਦਾ ਪਾਰਲੀਮੈਂਟ ਦਾ ਕਾਰਜਕਾਲ ਅਗਸਤ 2020 ਤਕ ਹੈ।

ਵਰਨਣ ਯੋਗ ਹੈ ਕਿ ਸਿਰੀਸੇਨ ਨੇ ਨੌਂ ਨਵੰਬਰ ਨੂੰ ਪਾਰਲੀਮੈਂਟ ਭੰਗ ਕਰ ਕੇ ਅਗਲੇ ਸਾਲ ਪੰਜ ਜਨਵਰੀ ਨੂੰ ਚੋਣਾਂ ਕਰਾਉਣ ਦਾ ਐਲਾਨ ਕੀਤਾ ਸੀ। ਦੇਸ਼ ਦੇ ਨਾਂ ਸੰਦੇਸ਼ 'ਚ ਆਪਣੇ ਫ਼ੈਸਲੇ ਦਾ ਬਚਾਅ ਕਰਦਿਆਂ ਸਿਰੀਸੇਨ ਨੇ ਦੱਸਿਆ ਕਿ ਉਨ੍ਹਾਂ ਇਹ ਫ਼ੈਸਲਾ ਪਾਰਲੀਮੈਂਟ ਮੈਂਬਰਾਂ ਵਿਚਾਲੇ ਟਕਰਾਅ ਨੂੰ ਟਾਲ਼ਣ ਲਈ ਲਿਆ ਹੈ। ਮੀਡੀਆ ਵਿੱਚ ਇਹ ਖ਼ਬਰਾਂ ਸਨ ਕਿ 14 ਨਵੰਬਰ ਨੂੰ ਹੋ ਰਹੇ ਬਹੁਮਤ ਪ੍ਰੀਖਣ ਮੌਕੇ ਦੋਵਾਂ ਧਿਰਾਂ ਦੇ ਪਾਰਲੀਮੈਂਟ ਮੈਂਬਰਾਂ ਵਿੱਚ ਹਿੰਸਕ ਝੜਪਾਂ ਹੋ ਸਕਦੀਆਂ ਸਨ ਜਿਸ ਵਿੱਚ ਕੁਝ ਮੌਤਾਂ ਵੀ ਸੰਭਵ ਸਨ। ਇਹ ਸੰਘਰਸ਼ ਦੇਸ਼ 'ਚ ਫੈਲ ਸਕਦਾ ਸੀ। ਅਜਿਹੇ 'ਚ ਸਭ ਤੋਂ ਚੰਗਾ ਹੱਲ ਇਹੀ ਸੀ ਕਿ 225 ਪਾਰਲੀਮੈਂਟ ਮੈਂਬਰਾਂ ਨੂੰ ਪਾਰਲੀਮੈਂਟ 'ਚ ਇਕ ਦੂਜੇ ਨਾਲ ਝਗੜਨ ਦਾ ਮੌਕਾ ਨਾ ਦਿੱਤਾ ਜਾਵੇ।

ਸ੍ਰੀਲੰਕ ਪਾਰਲੀਮੈਂਟ ਦੇ ਸਪੀਕਰ ਕਾਰੂ ਜੈਸੂਰੀਆ ਨੇ ਅਫਸਰਾਂ ਨੂੰ ਕਿਹਾ ਹੈ ਕਿ ਉਹ ਕੋਈ ਗ਼ੈਰ ਕਾਨੂੰਨੀ ਆਦੇਸ਼ ਮੰਨਣ ਤੋਂ ਇਨਕਾਰ ਕਰ ਦੇਣ, ਬੇਸ਼ੱਕ ਉਹ ਆਦੇਸ਼ ਕਿਸੇ ਨੇ ਵੀ ਦਿੱਤਾ ਹੋਵੇ। ਉਨ੍ਹਾਂ ਰਾਸ਼ਟਰਪਤੀ ਨੂੰ ਤੁਰੰਤ ਪਾਰਲੀਮੈਂਟ ਸੈਸ਼ਨ ਬੁਲਾਉਣ ਦੀ ਬੇਨਤੀ ਵੀ ਕੀਤੀ ਹੈ, ਤਾਂ ਕਿ ਪਤਾ ਲੱਗ ਸਕੇ ਕਿ ਬਹੁਮਤ ਕਿਸ ਪਾਰਟੀ ਦੇ ਨਾਲ ਹੈ।

## ਉਮਰ ਅਬਦੁੱਲਾ ਨੇ ਕਿਹਾ:

# ਪਾਕਿਸਤਾਨ ਨੂੰ ਭਾਰਤੀ ਚਿੰਤਾ ਬਾਰੇ ਵੀ ਸੋਚਣ ਦੀ ਲੋੜ

ਲੰਡਨ, 12 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਹੇਠਲੀ ਸਰਕਾਰ ਨੂੰ ਕਸ਼ਮੀਰ ਬਾਰੇ ਵਾਰਤਾ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਭਾਰਤ ਦੀ ਚਿੰਤਾ ਬਾਰੇ ਸੋਚਣ ਦੀ ਲੋੜ ਹੈ। ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲ੍ਹਾ ਨੇ ਇਹ ਗੱਲ ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਟ੍ਰੈਟਜਿਕ ਸਟੱਡੀਜ਼ (ਆਈ ਆਈ ਐਸ ਐਸ) ਵੱਲੋਂ ਕਰਵਾਈ ਇਕ ਗੋਸ਼ਟੀ ਵਿੱਚ ਹਿੱਸਾ ਲੈਂਦਿਆਂ ਆਖੀ ਹੈ।



ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬੁੱਦਲਾ ਨੇ ਆਖਿਆ ਕਿ ਕੋਈ ਅੱਧ ਸਿਖਰ ਵਾਰਤਾ ਨਾਲ ਕਸ਼ਮੀਰ ਮਸਲਾ ਹੱਲ ਹੋਣ ਵਾਲਾ ਨਹੀਂ ਤੇ ਇਸ ਮੁੱਦੇ ਉੱਤੇ ਸੁਚੱਜੀ ਵਾਰਤਾ ਹੋਣ ਦੀਆਂ ਆਸਾਂ ਉੱਤੇ ਸਰਹੱਦ ਦੇ ਦੋਵੇਂ ਪਾਸੇ ਉਨ੍ਹਾਂ ਤਾਕਤਾਂ ਵੱਲੋਂ ਪਾਣੀ ਫੇਰ ਦਿੱਤਾ ਜਾਂਦਾ ਹੈ, ਜੋ ਗੱਲਬਾਤ ਦੀਆਂ ਵੈਰੀ ਹਨ। ਉਨ੍ਹਾਂ ਕਿਹਾ, 'ਅਸੀਂ ਜਦੋਂ ਚੋਣਾਂ ਦੀ ਪ੍ਰਕਿਰਿਆ ਵਿੱਚੋਂ ਲੰਘ ਰਹੇ ਹਾਂ ਤਾਂ ਮੇਰਾ ਖਿਆਲ ਹੈ ਕਿ ਪਾਕਿਸਤਾਨ ਨੂੰ ਭਾਰਤ ਦੀ ਵਾਜਬ ਚਿੰਤਾ ਬਾਰੇ ਸੋਚਣਾ ਚਾਹੀਦਾ ਹੈ। ਉਹ ਸਾਡਾ ਗੁਆਂਢੀ ਦੇਸ਼ ਹੈ, ਸਾਡੇ ਉਸ ਨਾਲ ਜੋ ਵੀ ਸਰੋਕਾਰ ਹੋਣ, ਅਸੀਂ ਪ੍ਰਵਾਨ ਕੀਤਾ ਹੈ ਕਿ ਜੰਗ ਦਾ ਰਾਹ ਨਹੀਂ ਚੁਣਿਆ ਜਾ ਸਕਦਾ। ਇਸ ਲਈ ਸਾਡੇ ਕੋਲ ਗੱਲਬਾਤ ਦਾ ਰਾਹ ਹੀ ਬਚਦਾ ਹੈ। ਸਾਨੂੰ ਗੱਲਬਾਤ ਰਾਹੀਂ ਮਤਭੇਦ ਸੁਲਝਾਉਣੇ ਪੈਣਗੇ।' ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਅਤੇ ਜੰਮੂ ਕਸ਼ਮੀਰ ਵਿੱਚ ਇਸ ਦੇ ਨੁਮਾਇੰਦੇ ਗਵਰਨਰ ਸਤਿਆ ਪਾਲ ਮਲਿਕ ਅਤੇ ਜੰਮੂ ਕਸ਼ਮੀਰ ਦੇ ਨੌਜਵਾਨਾਂ ਦਰਮਿਆਨ ਬਹੁਤ ਵੱਡਾ ਪਾੜਾ ਹੈ, ਜਿਸ ਨੂੰ ਫੌਰੀ ਭਰਨ ਦੀ ਲੋੜ ਹੈ।

# ਲੰਡਨ ਦੇ ਸਵਾਮੀ ਨਾਰਾਇਣ ਮੰਦਰ ਵਿੱਚੋਂ ਤਿੰਨ ਮੂਰਤੀਆਂ ਚੋਰੀ

ਲੰਡਨ, 12 ਨਵੰਬਰ (ਪੋਸਟ ਬਿਊਰੋ)- ਉਤਰੀ ਲੰਡਨ ਵਿੱਚ ਸਵਾਮੀ ਨਾਰਾਇਣ ਮੰਦਰ ਵਿੱਚੋਂ ਭਗਵਾਨ ਸ੍ਰੀਕ੍ਰਿਸ਼ਨ ਦੀਆਂ ਤਿੰਨ ਕੀਮਤੀ ਮੂਰਤੀਆਂ ਚੋਰੀ ਹੋ ਗਈਆਂ ਹਨ। ਮੰਦਰ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਘਟਨਾ ਸ਼ੁੱਕਰਵਾਰ ਨੂੰ ਦੀਵਾਲਾ ਉਤਸਵ ਦੇ ਕੁਝ ਘੰਟੇ ਬਾਅਦ ਹੋਈ ਹੋ ਸਕਦੀ ਹੈ।

ਲੰਡਨ ਦੇ ਵਿਲਸਡੇਨ ਲੇਨ ਵਿੱਚ ਸਵਾਮੀ ਨਾਰਾਇਣ ਮੰਦਰ ਵਿੱਚ ਸਕਾਟਲੈਂਡ ਦੇ ਅਫਸਰਾਂ ਨੂੰ ਬੁਲਾਇਆ ਗਿਆ। ਸਥਾਨਕ ਪੁਲਸ ਨੇ ਚੋਰੀ ਦਾ ਕੇਸ ਦਰਜ ਕਰ ਲਿਆ ਹੈ। ਮੂਰਤੀਆਂ ਤੋਂ ਇਲਾਵਾ ਨਕਦੀ ਵੀ ਚੋਰੀ ਹੋਈ ਹੈ। ਪੁਲਸ ਅਫਸਰ ਸੀ ਸੀ ਟੀ ਵੀ ਫੁਟੇਜ ਫੋਲ ਰਹੇ ਹਨ ਤੇ ਫੋਰੈਂਸਿਕ ਜਾਂਚ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮੂਰਤੀਆਂ ਕਾਂਸੇ ਦੀਆਂ ਹਨ ਤੇ ਚੋਰਾਂ ਨੇ ਸੋਨਾ ਸਮਝ ਕੇ ਚੋਰੀ ਕੀਤਾ ਹੋਵੇਗਾ। ਮੰਦਰ ਪ੍ਰਸ਼ਾਸਨ ਦੇ ਮੁਖੀ ਕੁਰਜੀਭਾਈ ਕੇਰਾਈ ਦੇ ਮੁਤਾਬਕ ਭਗਵਾਨ ਕ੍ਰਿਸ਼ਨ ਦੀਆਂ ਤਿੰਨੇ ਮੂਰਤੀਆਂ ਮੰਦਰ ਦੇ ਸਥਾਪਨਾ ਸਾਲ 1975 ਤੋਂ ਇਥੇ ਸਨ। ਸਾਡੇ ਭਾਈਚਾਰੇ ਲਈ ਇਨ੍ਹਾਂ ਦੀ ਬੜੀ ਅਹਿਮੀਅਤ ਹੈ। ਮੰਦਰ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਨਿਯਮਤ ਪੂਜਾ ਪਾਠ 'ਚ ਕੋਈ ਬਦਲਾਅ ਨਹੀਂ ਹੋਵੇਗਾ।


A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344



Honesty, Reliability, Commitment
HomeLife SilverCity
"Open House Until Sold"
Hira Randhawa
Broker
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585

$739,900 — Morning Star/Airport
Great Opportunity For 1st Time Buyers. Newly Renovated W/Granite Counter Top, S/S Appliances, Range Hood, No Carpet In The House, Close To School, 421/401, Westwood Mall, 2 Basement Apartment. Potential Income Of $1800/Month From Bsmnt.

$619,000 — Wanless & Mclaughlin
Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities

$615,000 — Hwy 10/ Sandalwood
A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.

$699,900 — Chinguacousy/Queen
Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance
Call: 416.319.0551



MICHELIN · Hankook · Continental · ROADLUX · BFGoodrich · AEOLUS

BEST TRUCK REPAIR & TIRE CENTRE

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ

We also Specialize in Engine, Transmission, Differential Rebuild, Safety Inspection & All Kinds of Electric Work

SPECIAL ON TRUCK ALIGNMENT | BRAND NEW MACHINES 2018

Brake & Drum - On Special Sale! -Made in U.S

4 CAT Batteries $500 on Special Sale

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

Chevron Delo
Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

## ਇੱਕ ਪਿੰਡ ਵਿੱਚ ਦਿਨ ਵੇਲੇ ਨਾਈਟੀ ਪਾਉਣ ਦਾ ਦੋ ਹਜ਼ਾਰ ਰੁਪਏ ਜੁਰਮਾਨਾ

ਹੈਦਰਾਬਾਦ, 12 ਨਵੰਬਰ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਦੇ ਪੱਛਮੀ ਗੋਦਾਵਰੀ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਔਰਤਾਂ ਦੇ ਨਾਈਟੀ ਪਾਉਣ ਵਿਰੁੱਧ ਨਿਯਮ ਬਣਾਇਆ ਗਿਆ ਹੈ। ਪਿੰਡ ਟੋਕਲਾਪੱਲੀ ਵਿੱਚ ਔਰਤਾਂ ਦੇ ਦਿਨ ਵਿੱਚ ਨਾਈਟੀ ਪਾਉਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ, ਜੇ ਕੋਈ ਔਰਤ ਇਸ ਦੀ ਉਲੰਘਣਾ ਕਰਦੀ ਹੈ ਤਾਂ ਉਸ ਕੋਲੋਂ ਜੁਰਮਾਨਾ ਵਸੂਲਿਆ ਜਾਵੇਗਾ। ਪਿੰਡ ਦੇ ਬਜ਼ੁਰਗਾਂ ਦੇ ਨੌਂ ਮੈਂਬਰਾਂ ਦੀ ਟੀਮ ਨੇ ਨਾਈਟੀ ਪਾਉਣ ਬਾਰੇ ਸਖਤ ਨਿਯਮ ਬਣਾਏ ਹਨ। ਨਿਯਮਾਂ ਹੇਠ ਔਰਤਾਂ ਸਵੇਰੇ ਸੱਤ ਵਜੇ ਤੋਂ ਸ਼ਾਮ ਸੱਤ ਵਜੇ ਤੱਕ ਨਾਈਟੀ ਨਹੀਂ ਪਾਉਣਗੀਆਂ।

ਪਿੰਡ ਵਿੱਚ 1800 ਔਰਤਾਂ ਹਨ। ਜੇ ਕੋਈ ਕਿਸੇ ਔਰਤ ਦੇ ਨਾਈਟੀ ਪਾਈ ਹੋਣ ਬਾਰੇ ਬਜ਼ੁਰਗਾਂ ਨੂੰ ਜਾਣਕਾਰੀ ਦੇਵੇ ਤਾਂ ਉਸ ਨੂੰ ਇੱਕ ਹਜ਼ਾਰ ਰੁਪਏ ਇਨਾਮ ਦਿੱਤਾ ਜਾਵੇਗਾ। ਕਿਹਾ ਗਿਆ ਹੈ ਕਿ ਜੁਰਮਾਨੇ ਦੀ ਰਕਮ ਪਿੰਡ ਦੇ ਵਿਕਾਸ ਲਈ ਵਰਤੀ ਜਾਵੇਗੀ। ਨਾਈਟੀ 'ਤੇ ਪਾਬੰਦੀ ਦਾ ਹੁਕਮ ਨੌਂ ਮਹੀਨੇ ਪਹਿਲਾਂ ਬਣਿਆ ਸੀ, ਪਰ ਅਧਿਕਾਰੀਆਂ ਦੇ ਪਿੰਡ ਦਾ ਦੌਰਾ ਕਰਨ ਮਗਰੋਂ ਇਹ ਲਾਗੂ ਹੋਇਆ ਹੈ। ਦੌਰੇ ਸਮੇਂ ਪਿੰਡ ਦੇ ਕੁਝ ਬਜ਼ੁਰਗਾਂ ਨੇ ਕਿਹਾ ਕਿ ਹੁਕਮ ਦੇਣ ਵਾਲੇ ਬਜ਼ਰਗਾਂ ਨੇ ਧਮਕੀ ਦਿੱਤੀ ਹੈ ਕਿ ਜੇ ਦੋਸ਼ੀ ਔਰਤ ਜੁਰਮਾਨਾ ਦੇਣ ਤੋਂ ਇਨਕਾਰ ਕਰਦੀ ਹੈ ਤਾਂ ਉਸ ਦਾ ਸਮਾਜਕ ਬਾਈਕਾਟ ਕੀਤਾ ਜਾਵੇਗਾ। ਕੋਈ ਵੀ ਔਰਤ ਇਸ ਹੁਕਮ ਦਾ ਵਿਰੋਧ ਨਹੀਂ ਕਰ ਸਕੀ। ਪਿੰਡ ਦੀ ਸਰਪੰਚ ਫੰਤਾਸੀਆ ਮਹਾਲਕਸ਼ਮੀ ਨੇ ਕਿਹਾ ਕਿ ਨਾਈਟੀ ਪਾ ਕੇ ਖੁੱਲ੍ਹੇ ਵਿੱਚ ਕੱਪੜੇ ਧੋਣਾ, ਦੁਕਾਨ ਵਿੱਚੋਂ ਸਾਮਾਨ ਖਰੀਦਣ ਅਤੇ ਬੈਠਕ ਵਿੱਚ ਸ਼ਾਮਲ ਹੋਣਾ ਠੀਕ ਨਹੀਂ ਲੱਗਦਾ। ਇਸ ਲਈ ਗੱਲ ਮੰਨੀ ਗਈ ਹੈ।

## ਬਰਗਾੜੀ ਵਰਗੇ ਸਿੱਖ ਮੁੱਦਿਆਂ ਦੀ ਪੈਰਵੀ ਲਈ ਸਿੱਖ ਵਕੀਲਾਂ ਦਾ ਪੈਨਲ ਬਣਾਇਆ

ਜੈਤੋਂ, 12 ਨਵੰਬਰ (ਪੋਸਟ ਬਿਊਰੋ)- 'ਇਨਸਾਫ ਮੋਰਚਾ ਬਰਗਾੜੀ' ਦੀ ਅਗਵਾਈ ਕਰ ਰਹੇ ਜਥੇਦਾਰ ਧਿਆਨ ਸਿੰਘ ਮੰਡ ਨੇ ਸਿੱਖ ਮਸਲਿਆਂ ਦੇ ਹੱਲ ਲਈ ਹਾਈ ਕੋਰਟ ਦੇ ਸੀਨੀਅਰ ਸਿੱਖ ਵਕੀਲਾਂ ਦਾ ਪੈਨਲ ਬਣਾਇਆ ਹੈ।

ਇਸ ਸੰਬੰਧ ਵਿੱਚ ਜਥੇਦਾਰ ਮੰਡ ਦੇ ਨਿੱਜੀ ਸਹਾਇਕ ਜਗਦੀਪ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਪੈਨਲ ਓਦੋਂ ਤੋਂ ਵਿਚਾਰ ਅਧੀਨ ਸੀ, ਜਦੋਂ ਜਸਟਿਸ ਰਣਜੀਤ ਸਿੰਘ ਦੀ ਜਾਂਚ ਰਿਪੋਰਟ ਵਿੱਚ ਦੋਸ਼ੀ ਨਿਕਲੇ ਪੁਲਸ ਅਫਸਰਾਂ ਵੱਲੋਂ ਆਪਣੀ ਗ੍ਰਿਫਤਾਰੀ 'ਤੇ ਰੋਕ ਲਵਾਉਣ ਅਤੇ ਬੇਅਦਬੀ ਕਰਨ ਵਾਲੇ ਦੋਸ਼ੀਆਂ ਵੱਲੋਂ ਆਪਣੀਆਂ ਜ਼ਮਾਨਤਾਂ ਕਰਵਾਉਣ ਲਈ ਪਾਈ ਗਈ ਪਟੀਸ਼ਨ ਦੇ ਫੈਸਲੇ ਸਮੇਂ ਉਨ੍ਹਾਂ ਦਾ ਵਿਰੋਧ ਕਰਨ ਲਈ ਸਰਕਾਰੀ ਧਿਰ ਦਾ ਵਕੀਲ ਪੇਸ਼ ਨਹੀਂ ਸੀ ਹੋਇਆ। ਓਦੋਂ ਪੰਥਕ ਲੀਡਰਾਂ ਨੇ ਲੋੜ ਮਹਿਸੂਸ ਕੀਤੀ ਕਿ ਕਿਉਂ ਨਾ ਸੀਨੀਅਰ ਵਕੀਲਾਂ ਦਾ ਅਜਿਹਾ ਪੈਨਲ ਬਣਾਇਆ ਜਾਵੇ, ਜਿਹੜਾ ਉਕਤ ਕੇਸਾਂ ਤੋਂ ਇਲਾਵਾ ਸਮੂਹ ਸਿੱਖ ਮਸਲਿਆਂ ਦੀ ਪੈਰਵਾਈ ਕਰਨ ਲਈ ਵਚਨਬੱਧ ਹੋਵੇ। ਉਨ੍ਹਾਂ ਦੱਸਿਆ ਕਿ ਇਸ ਪੈਨਲ ਵਿੱਚ ਅਮਰ ਸਿੰਘ ਚਾਹਲ ਚੰਡੀਗੜ੍ਹ, ਨਵਕਿਰਨ ਸਿੰਘ ਚੰਡੀਗੜ੍ਹ, ਜਸਟਿਸ ਅਜੀਤ ਸਿੰਘ ਬੈਂਸ ਦੇ ਸਪੁੱਤਰ ਰਾਜਵਿੰਦਰ ਸਿੰਘ ਬੈਂਸ ਚੰਡੀਗੜ੍ਹ, ਜਸਪਾਲ ਸਿੰਘ ਮੰਝਪੁਰ ਲੁਧਿਆਣਾ, ਹਰਪਾਲ ਸਿੰਘ ਚੀਮਾ ਫਤਿਹਗੜ੍ਹ ਸਾਹਿਬ ਅਤੇ ਸਿਮਰਨਜੀਤ ਸਿੰਘ ਚੰਡੀਗੜ੍ਹ ਸ਼ਾਮਲ ਕੀਤੇ ਗਏ ਹਨ।

## ਮੈਨੂੰ ਗੁਰੂ ਗ੍ਰੰਥ ਸਾਹਿਬ ਜੀ ਦੋਖੀ ਕਹਿਣ ਵਾਲੇ ਇਹ ਸਾਬਿਤ ਕਰਨ : ਢੱਡਰੀਆਂ ਵਾਲੇ



ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਗੁਰਦੁਆਰਾ ਪ੍ਰਮੇਸ਼ਵਰ ਦੁਆਰ ਵਾਲੇ ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਅਤੇ ਸਰਬੱਤ ਖਾਲਸਾ ਦੇ ਮਤਵਾਜ਼ੀ ਜਥੇਦਾਰ ਅਮਰੀਕ ਸਿੰਘ ਅਜਨਾਲਾ ਵਿਚਕਾਰ ਮਾਝੇ ਦੀ ਧਰਤੀ ਦੀਨਾਨਗਰ ਵਿਖੇ ਧਾਰਮਿਕ ਦੀਵਾਨਾਂ ਬਾਰੇ ਟਕਰਾਅ ਫਿਰ ਸ਼ੁਰੂ ਹੋ ਗਿਆ ਹੈ। ਇਸ ਬਾਰੇ ਟਕਸਾਲ ਤੇ ਕੁਝ ਜਥੇਬੰਦੀਆਂ ਨੇ ਪੁਲਸ ਪ੍ਰਸ਼ਾਸਨ ਨੂੰ ਲਿਖਤੀ ਪੱਤਰ ਦਿੱਤੇ ਹਨ ਕਿ ਢੱਡਰੀਆਂ ਵਾਲਿਆਂ ਦੇ ਦੀਵਾਨ ਨਾ ਕਰਵਾਏ ਜਾਣ। ਢੱਡਰੀਆਂ ਵਾਲੇ ਨੇ ਇਹ ਧਾਰਮਿਕ ਦੀਵਾਨ ਰੋਕੇ ਜਾਣ 'ਤੇ ਇੱਕ ਵੀਡੀਓ ਰਾਹੀਂ ਪ੍ਰਤੀਕਿਰਿਆ ਦੇਂਦਿਆਂ ਕਿਹਾ ਕਿ ਮੈਨੂੰ ਪੰਥ ਦਾ ਗੱਦਾਰ ਅਤੇ ਗੁਰੂ ਗ੍ਰੰਥ ਸਾਹਬਿ ਦਾ ਦੋਖੀ ਕਹਿ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ, ਪਰ ਇਹ ਪ੍ਰਚਾਰ ਕਰਨ ਵਾਲੇ ਲੋਕ ਸਾਬਿਤ ਤਾਂ ਕਰਨ ਕਿ ਕਦੋਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਸਾਹਿਬਾਨ ਖਿਲਾਫ ਕੋਈ ਅਪਸ਼ਬਦ ਬੋਲੇ ਹਨ।

ਸੰਤ ਢੱਡਰੀਆਂ ਵਾਲਾ ਨੇ ਕਿਹਾ ਕਿ ਦੂਸਰਾ ਮੇਰੇ ਉਤੇ ਦੋਸ਼ ਭਾਈ ਅਮਰੀਕ ਸਿੰਘ ਨੇ ਲਾਇਆ ਕਿ ਮੈਂ ਅੰਮ੍ਰਿਤ ਸੰਚਾਰ ਦਾ ਵਿਰੋਧੀ ਹਾਂ, ਪਰ ਅੱਜ ਤੱਕ ਅਜਿਹਾ ਮੇਰੇ ਵੱਲੋਂ ਕੀਤਾ ਇੱਕ ਵੀ ਪ੍ਰਚਾਰ, ਜਿਸ ਵਿੱਚ ਮੈਂ ਕਦੇ ਅੰਮ੍ਰਿਤ ਸੰਚਾਰ ਦੇ ਵਿਰੋਧ ਦੀ ਗੱਲ ਕਹੀ ਹੋਵੇ, ਉਹ ਸਾਬਿਤ ਕਰ ਕੇ ਦਿਖਾਉਣ। ਉਨ੍ਹਾਂ ਕਿਹਾ ਕਿ ਮੇਰੇ ਵਿਰੁੱਧ ਗਲਤ ਪ੍ਰਚਾਰ ਕਰਨ ਵਾਲੇ ਸਬੂਤ ਲਿਆ ਕੇ ਦਿਖਾਉਣ ਕਿ ਉਨ੍ਹਾਂ ਕਦੋਂ ਕਿਹਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ। ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਕਿਹਾ ਕਿ ਮਾਝੇ ਵਿੱਚ ਦੀਨਾਨਗਰ ਵਿਖੇ ਉਥੋਂ ਦੀ ਸੰਗਤ ਮੇਰੇ ਦੀਵਾਨ ਸੁਣਨਾ ਚਾਹੁੰਦੀ ਹੈ, ਪਰ ਕੁਝ ਬੰਦੇ ਨਹੀਂ ਚਾਹੁੰਦੇ ਕਿ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਮਝਣ।

ਦੂਸਰੇ ਪਾਸੇ ਸਰਬੱਤ ਖਾਲਸਾ ਦੇ ਮਤਵਾਜ਼ੀ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਮੈਂ ਨਹੀਂ, ਸੰਗਤ ਕਹਿੰਦੀ ਹੈ ਕਿ ਰਣਜੀਤ ਸਿੰਘ ਪੰਥ ਦਾ ਦੋਖੀ ਹੈ, ਜੇ ਉਹ ਸੱਚਾ ਹੈ ਤਾਂ ਉਹ ਜਦੋਂ ਸਾਡੇ ਸਿੰਘ ਜਾਂ ਸੰਗਠਨਾਂ ਦੇ ਨੁਮਾਇੰਦੇ ਮਿਲਣ ਜਾਂਦੇ ਹਨ ਤਾਂ ਉਨ੍ਹਾਂ ਨਾਲ ਬੈਠ ਕੇ ਵਿਚਾਰ ਕਰੇ ਤੇ ਆਪਣਾ ਪੱਖ ਰੱਖੇ। ਉਨ੍ਹਾਂ ਕਿਹਾ ਕਿ ਮੈਂ ਉਸ ਨੂੰ ਝੂਠਾ ਨਹੀਂ ਕਹਿੰਦਾ, ਉਹ ਸਿੰਘਾਂ ਨਾਲ ਵਿਚਾਰ ਤੋਂ ਬਾਅਦ ਸਾਫ ਹੋ ਜਾਵੇਗਾ ਕਿ ਅਸੀਂ ਝੂਠੇ ਹਾਂ ਕਿ ਉਹ ਝੂਠਾ ਹੈ।

## ਯਮਨ ਵਿੱਚ ਚੱਲਦੀ ਜੰਗ 'ਚ 10 ਦਿਨਾਂ ਵਿੱਚ 400 ਲੋਕਾਂ ਦੀ ਮੌਤ



